# ਗੁਸਤਾਖ਼ ਹਵਾ

**ਪਹਿਲਾਂ ਛਪੀਆਂ ਪੁਸਤਕਾਂ**

* ਨਦੀਆਂ ਸਿਰਜਣਹਾਰੀਆਂ (ਲੇਖਿਕਾਵਾਂ ਦੇ ਸ਼ਬਦ ਚਿੱਤਰ)
* 14 ਬਾਲ ਪੁਸਤਕਾਂ



# ਗੁਸਤਾਖ਼ ਹਵਾ

**ਸਿਮਰਤ ਸੁਮੈਰਾ**

ISBN : 978-93-

**Gustaakh Hawa**

*by*

**Simrat Sumera**
40 E Greater Kailash
Block- A Batala, Gurdaspur
Email-Simratsumera@gmail.com
Mob. 9855004485

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



ਮੇਰੀ ਹਰ ਨਜ਼ਮ
ਦੋ ਅਜ਼ੀਮ ਅਦੀਬ ਸ਼ਖ਼ਸ਼ੀਅਤਾਂ
ਪਿਤਾ ਸ਼੍ਰੀ ਅਸ਼ੋਕ ਚਰਨ ਆਲਮਗੀਰ ਜੀ
ਤੇ
ਪਿਤਾ ਸਮਾਨ ਸ਼੍ਰੀ ਐਸ. ਤਰਸੇਮ ਜੀ
ਨੂੰ ਸਮਰਪਿਤ!

# ਤਤਕਰਾ


* ਸੂਚਨਾ
* ਕਾਮਰੇਡ ਕੁੜੀਆਂ
* ਮੌਸਮ
* ਵਿਚਾਰਾ ਰੱਬ
* ਕ੍ਰਾਂਤੀ
* ਬਾਗ਼ੀ
* ਡਾਚੀਆਂ
* ਮਿਲਾਵਟ
* ਪਿਰਾਮਿਡ
* ਵਿਦਾ ਵੇਲਾ
* ਮਸ਼ਾਲ
* ਵਿਕਾਸ
* ਵਫ਼ਾਦਾਰੀ
* ਅਲੀਬਾਬਾ
* ਫਤਵਾ
* ਤਥਾ-ਅਸਤੂ
* ਗੋਲੀ ਕਿ ਗਹਿਣੇ
* ਯੁੱਧ
* ਕਿਤਾਬੀ ਗੱਲਾਂ
* ਸੱਦਾ ਪੱਤਰ
* ਚੇਤਨਾ
* ਨੇਤਾਓ-ਵਾਚ
* ਸੰਘਰਸ਼
* ਵੇਦਨਾ
* ਹੁਕਮ
* ਸ਼ੈਤਾਨ
* ਹੱਲ

* ਲੋੜ ਨਹੀਂ
* ਲੋਕਤੰਤਰ
* ਕਾਰਵਾਈ
* ਚੇਤਾਵਨੀ
* ਤਬਾਹੀ
* ਮਾਂ
* ਕੰਨਸੋਅ
* ਭਰਮ
* ਸ਼ਿਲਾਲੇਖ
* ਐਲਾਨ
* ਹਲਫ਼ੀਆਂ ਬਿਆਨ
* ਏਕਮ
* ਮੁਕਤੀ
* ਗੁਰੂ ਦੱਖਣਾ
* ਇੱਕੋ ਜੋਤ
* ਰਾਜਨੀਤੀ
* ਮਾਂ ਬੋਲੀ
* ਹੈਟਸ ਔਫ਼
* ਖ਼ਾਬ
* ਪਹਿਲ
* ਗਿਲ਼ਾ
* ਖਾਹਿਸ਼
* ਬਾਈਸਕੋਪ
* ਜਾਂ -ਬਾਜ
* ਘਰ
* ਧਰਮ
* ਮਖੌਟੇ
* ਹੱਕ
* ਤਸਵੀਰ



* ਲਾਲਟੈਨ
* ਉਡਾਣ
* ਨਸੀਹਤ
* ਮਹਾਤਮਾ
* ਨਵਰੰਗ
* ਵਿਰੋਧ
* ਤਕਸ਼ਿਲਾ
* ਪਦਾਰਥ
* ਮਹਾਤਮਾ
* ਨਵਰੰਗ
* ਚੰਬਾ
* ਖਾਨਾ ਬਦੋਸ਼
* ਜਾਇਜ਼
* ਗੁਲਾਮ
* ਲਾਪਤਾ
* ਮਹਾਂਨਾਦ
* ਇਨਕਾਰ
* ਰੋਸ
* ਊਂਘਦੇ
* ਪਰਿੰਦੇ
* ਮੀਲ ਪੱਥਰ
* ਅਤਿਵਾਦ
* ਵਿਦਾਈ
* ਆਲ੍ਹਣਾ
* ਮਹਾਂਨਗਰ
* ਆਧਾਰ
* ਬਾਲੋ ਦੀਵੜੇ
* ਹਾਦਸੇ
* ਨਦੀ ਬਣੀਏ
* ਨਾਗਮਣੀ

- ਅੰਦਾਜ਼ਾ
- ਫ਼ਰਕ
- ਬੁੱਧ
- ਮਲਹਾਰ
- ਮਿਸਾਲ
- ਅਬਾਬੀਲਾਂ
- ਗੁਲ਼ਮੋਹਰ
- ਇਤਿਹਾਸ
- ਸਾਜਿਸ਼
- ਪਨਾਹਗ਼ੀਰ
- ਤਲਾਸ਼
- ਪ੍ਣਾਮ
- ਜਾਇਜ ਨਹੀਂ
- ਤਰਕ
- ਤਮਾਸ਼ਾ
- ਮੁਹਾਰਤ
- ਅਰਦਾਸ
- ਬਖ਼ਸ਼ ਦੇ
- ਕਵਿਤਾ ਕਹਾਂਗੀ
- ਕਵਿਤਾ
- ਮਿਲਾਪ
- ਉਸਤਤ
- ਮਛਲੀ




## ਸੂਚਨਾ

ਅਗਾਊਂ ਸੂਚਨਾ ਏ
ਇਸ ਤੋਂ ਪਹਿਲਾਂ ਕਿ
ਤੁਹਾਡੇ ਪੈਰਾਂ ਹੇਠੋਂ
ਜ਼ਮੀਨ ਖਿਸਕ ਜਾਏ
ਅਸਮਾਨ ਸਿਰ 'ਤੇ
ਆਣ ਡਿੱਗੇ
ਜਾਂ ਜਵਾਲਾ ਮੁਖੀ
ਨਿਗਲ ਜਾਏ!

ਕਦਮਾਂ 'ਚ ਵਿਛੇ
ਲਾਵੇ ਦੀ ਸ਼ਨਾਖ਼ਤ ਕਰ
ਕੁਝ ਇਸ ਤਰ੍ਹਾਂ ਗੁਜ਼ਰੋ
ਕਿ ਹਰ ਹਰਕਤ
ਜ਼ਲਜ਼ਲਾ ਹੋ ਜਾਏ!

✵

## ਕਾਮਰੇਡ ਕੁੜੀਆਂ

ਸਵੇਰ ਸਾਰ
ਸੂਰਜ ਨੂੰ ਵੰਗਾਰ
ਖੱਦਰ ਦੇ ਕੁੜਤੇ ਪਾਈ
ਮੋਢੇ 'ਤੇ ਮਾਰਕਸ ਦੇ
ਸੁਪਨੇ ਲਟਕਾਈ
ਤੁਰ ਪੈਂਦੀਆਂ
ਕਾਮਰੇਡ ਕੁੜੀਆਂ।
ਧੁੱਪਾਂ ਛਾਵਾਂ ਜਰਦੀਆਂ
ਹੱਕ ਸੱਚ ਅਜ਼ਾਦੀ ਲਈ
ਗੰਭੀਰ ਮੁਦਰਾ 'ਚ
ਗੱਲਾਂ ਕਰਦੀਆਂ
ਕਾਮਰੇਡ ਕੁੜੀਆਂ।

ਸੰਝ ਦੀ ਬੇਲਾ
ਪਰਤ ਆਉਂਦੀਆਂ
ਘਰਾਂ ਨੂੰ
ਬਾਪੂ ਦੀ ਘੂਰੀ ਵੇਖ
ਵਿਹੜੇ 'ਚ
ਚਰਖਾ ਡਾਹ ਬਹਿੰਦੀਆਂ ।

ਥੱਕ ਹਾਰ
ਮੂੰਹ ਸਵਾਰ
ਸੰਦੂਕ 'ਚੋਂ



ਲੈਨਿਨ ਦੀ ਕਿਤਾਬ ਕੱਢ
ਸਿਰਹਾਣੇ ਰੱਖ
ਲਾਲ ਸਲਾਮ ਕਹਿੰਦੀਆਂ
ਗੂੜੀ ਨੀਂਦੇ
ਸੁਪਨੇ ਲੈਂਦੀਆਂ
ਕਾਮਰੇਡ ਕੁੜੀਆਂ।

✵

## ਮੌਸਮ

ਜਿਸਮ, ਜੋਸ਼ ਤੇ ਜ਼ਮੀਰ
ਵਿਕ ਰਹੇ ਨੇ
ਸਰਜਿਮੀਂ 'ਤੇ।

ਜਿੰਦਗੀ ਲਈ
ਜ਼ਰਖੇਜ਼ ਨਹੀਂ
ਮਿੱਟੀ।
ਮੌਤ ਲਈ ਵੱਤਰ ਨਹੀਂ
ਅਜੇ ਮੌਸਮ।

ਤੂਫਾਨਾਂ ਦੇ ਨਾਲ ਹੋਵੋ
ਮੌਨਸੂਨ ਜਰੂਰ ਆਵੇਗੀ।

✵



## ਵਿਚਾਰਾ ਰੱਬ

ਅਹਿਮਕ
ਗਲੀ ਮੁਹੱਲਿਆਂ 'ਚ
ਜਾਤਾਂ ਜਮਾਤਾਂ ਅਨੁਸਾਰ
ਸਿਰਜ ਲੈਂਦੇ ਨੇ
ਆਪਣੇ ਆਪਣੇ ਰੱਬ!

ਉਸਾਰ ਕੇ ਦੀਵਾਰਾਂ
ਕੈਦ ਕਰ ਲੈਂਦੇ ਨੇ ਸਭ!

ਫਿਰ ਜ਼ਾਹਿਰ ਏ
ਗੁਲ਼ਾਮ ਦੀ ਕਦੇ
ਜ਼ਮਾਨਤ ਨਹੀਂ ਹੁੰਦੀ!!

✵

## ਕ੍ਰਾਂਤੀ

ਰਾਤੋ ਰਾਤ
ਖੁੰਭਾਂ ਦੀ ਤਰ੍ਹਾਂ
ਉੱਗ ਆਇਆ ਏ
ਨਾਬਰਾਂ ਦੀਆਂ
ਮੁੱਠੀਆਂ ਦਾ ਜੰਗਲ !

ਖੇਤਾਂ 'ਚੋਂ ਪੁੰਗਰੇ ਨੇ
ਅਹਿਰਣ ਦੇ ਬੋਲ
ਝੁੱਗੀਆਂ 'ਚੋਂ
ਉਠ ਰਹੀ
ਰੋਹ ਦੀ ਗੂੰਝ
ਤੇ
ਸਾਰਾ ਅਸਮਾਨ
ਕੰਬ ਰਿਹੈ।
✵



## ਬਾਗ਼ੀ

ਨਿਰਸੰਦੇਹ ਗੁਸਤਾਖ਼ ਹਾਂ
ਅਲਾਦੀਨ ਦਾ
ਚਿਰਾਗ਼ ਮੰਗਦੀ ਹਾਂ।

ਸੁੰਨੀ ਸਰਦਲ 'ਤੇ
ਚੌਮੁਖੀਏ ਦੀਵੇ ਨਹੀਂ
ਸੂਰਜਾਂ ਦੀ ਲੋੜ ਏ ਹੁਣ।

ਸੱਚ ਆਖਦੇ ਨੇ
ਦੀਵੇ ਹੇਠ
ਹਨੇਰ ਹੁੰਦੈ ਸਾਂਈ।
ਉਪਰੋਂ ਹਵਾਵਾਂ
ਲੋਅ ਚੁਰਾ ਲੈਂਦੀਆਂ।

ਪੇਟ ਦੇ ਸਵਾਲ 'ਤੇ
ਹਰ ਇੱਕ ਜਵਾਬ 'ਚ
ਦਿਬ-ਦ੍ਰਿਸ਼ਟੀ ਨਾਲ ਇਹ
ਹਿਤੋਪਦੇਸ਼ ਕਹਿੰਦੀਆਂ
ਪਰ
ਮੁਨਕਰ ਹਾਂ ਮੈਂ।

ਨਿਰਸੰਦੇਹ ਇਸੇ ਲਈ
ਗੁਸਤਾਖ਼ ਹਾਂ।
✵

## ਡਾਚੀਆਂ

ਚਿਤਰ -ਕਾਵਿ ਸੁਣਦਿਆਂ
ਖਿਆਲਾਂ ਦੇ ਕਸੀਦੇ ਬੁਣਦਿਆਂ
ਮੂੰਹ ਚੁੱਕੀ ਆਂਉਦੀਆਂ
ਭਰਮਾਂਉਦੀਆਂ
ਯਾਂਦਾ ਦੀਆਂ ਡਾਚੀਆਂ।
ਝੁਰਮਟ ਪਾਉਂਦੀਆਂ
ਮੁਹੱਬਤ ਦੇ
ਕਾਫਲੇ ਦੀ ਮੁਹਾਰ
ਹਰ ਵਾਰ
ਬਸਤੀਆਂ ਵੱਲ ਨਹੀਂ
ਮਾਰੂਥਲਾਂ ਵੱਲ ਹੀ
ਕਿਉਂ ਹੁੰਦੀ ਏ?
ਮੇਰੇ ਮੌਲ਼ਾ
ਐਤਕੀ ਤਾਂ ਕਰਮ ਕਰੀਂ!!

✵



## ਮਿਲਾਵਟ

ਅੱਧੀ ਰਾਤ
ਆਵਾਜ ਆਈ
ਰੁਕੋ, ਠਹਿਰੋ
ਸਾਗਰੀ ਲਹਿਰੋ
ਸੁਕਰਾਤ ਜਾ ਰਿਹਾ ਏ...।

ਮੰਥਨ ਕਰਦੇ ਹੱਥ ਕੰਬੇ
ਸੁਰਾਹੀ ਡੋਲੀ
ਰੂਹ ਬੋਲੀ
ਮੀਰਾ ਦਾ ਪਿਆਲਾ
ਬਦਲ ਦਿਓ
ਇਹ ਜ਼ਹਿਰ ਨਕਲੀ ਜੇ!

✵

## ਪਿਰਾਮਿਡ

ਮਿਸਰ ਦੇ ਪਿਰਾਮਿਡ
ਅਲੌਕਿਕ ਅਲੌਕਿਕ
ਅਜੂਬਾ ਅਜੂਬਾ ।

ਅਲੰਕਾਰਾਂ 'ਚ
ਜਿੱਤਾਂ ਹਾਰਾਂ 'ਚ
ਹੀਰੇ ਜਵਾਹਰਾਂ 'ਚ ਲੁਕੀ
ਨਿਢਾਲ ਪਈ
ਰਾਜੇ ਖ਼ੁਫ਼ੂ ਦੀ
ਮਮੀ।

ਇਮਾਰਤਸਾਜ਼ੀ 'ਤੇ ਹੈਰਾਨ
ਸੁਪਨਸਾਜ ਕਦਰਦਾਨ

ਅੰਤਰ ਆਤਮਾ 'ਚ ਖੌਫ਼
ਜਿਉਂ ਅੱਜ ਵੀ
ਰਾਜੇ ਖੁਫ਼ੂ ਦਾ ਦਿਲ
ਰਾਣੀ ਖ਼ੁਰੀਆ ਦੀ
ਛਾਤੀ ਦੇ
ਐਨ ਖੱਬੇ ਪਾਸੇ
ਧੜਕ ਰਿਹਾ ਹੋਵੇ!

✵



## ਵਿਦਾ ਵੇਲਾ

ਸਾਹ ਨਹੀਂ ਆਉਂਦਾ
ਸੁਰ ਨਹੀਂ ਨਿਕਲਦੇ
ਵਤਨ?
ਮੇਰਾ ਯਤਨ ?
ਵਾਕਫ ਹੋ ਤੁਸੀਂ

ਸ਼ਾਇਦ ਮੈਨੂੰ
ਜਲਾਵਤਨੀ ਦੀ
ਹਵਾ ਮਾਫ਼ਕ ਏ!

✵

## ਮਸ਼ਾਲ

ਹਰਫਾਂ ਨੇ ਸੁਨੇਹਾ ਦਿੱਤਾ
ਰੋਸ਼ਨੀ ਦੇ ਨਾਲ ਨਾਲ
ਅਗਨ ਜਰੂਰੀ ਏ
ਜਿੰਦਾ ਰਹਿਣ ਲਈ।
.....
ਸੁਣਦੇ ਸਾਰ
ਇਹ ਵਿਚਾਰ
ਕਲਮ ਤਣ ਗਈ
ਮਸ਼ਾਲ ਬਣ ਗਈ।



## ਵਿਕਾਸ

ਲੋਕ ਹਿਤ ਦੀ ਬੈਠਕ
ਚਰਚਾ 'ਚ ਏ...।

ਬਸਤੀਆਂ ਨੂੰ ਬਦਲਣਾ
ਮਹਿਲ ਉਸਾਰਨਾ
ਜੀਵਨ ਉਭਾਰਣਾ
ਵਿਕਾਸ ਲਈ ਬਦਲਣਾ
ਹਰ ਢੰਗ
ਰੋਸ਼ਨੀਆਂ ਦਾ
ਨਵਾਂ ਰੰਗ
ਪਰ
ਸ਼ਰਤ ਇੱਕੋ ਹੈ
ਰਹਿਣ ਲਈ
ਸ਼ਹਿਰੀ ਵੀ
ਨਵੇਂ ਹੋਣਗੇ!

## ਵਫ਼ਾਦਾਰੀ

ਤੁਹਾਨੂੰ ਸਮਝ ਪਾਉਂਣਾ
ਬੜਾ ਮੁਸ਼ਕਿਲ ਏ।

ਝਨਾਂ ਦੇ ਕੰਢੇ
ਟੋਟੇ ਟੋਟੇ ਕਰ
ਵਹਾ ਦਿੰਦੇ ਹੋ
ਮੁਹੱਬਤ ਦੇ ਸਾਰੇ ਪੈਗ਼ਾਮ।
ਤੇ ਸ਼ਰੇਆਮ
ਤੁਰ ਪੈਂਦੇ ਹੋ
ਮਹੀਂਵਾਲ ਦੇ ਮਜ਼ਾਰ 'ਤੇ
ਦੀਵੇ ਬਾਲਣ
ਵਫ਼ਾ ਪਾਲਣ।

✵



## ਅਲੀਬਾਬਾ

ਫਿਰ ਆਇਆ
ਅਲੀ ਬਾਬਾ!

ਆਸੇ ਪਾਸੇ
ਜਜ਼ੀਰੇ ਜਖ਼ੀਰੇ
ਚੋਰ ਹੀ ਚੋਰ
ਹੋਰ ਤੇ ਹੋਰ
ਪੁਤਲੀਆਂ ਦਾ ਤਮਾਸ਼ਾ
ਬੇਬਸ ਹਾਸਾ
ਬੇਰਸ ਭਾਸ਼ਾ।

ਅਲੀ ਬਾਬਾ
ਕਿਸੇ ਔਲੀਏ ਦੀ
ਦਰਗਾਹ ਤੋਂ
ਮੌਤ ਮੰਗ ਰਿਹੈ!

✵

## ਫਤਵਾ

ਇਸ਼ਕ ਮਜ਼ਾਜ਼ੀ
ਔਖੀ ਬਾਜ਼ੀ
ਦਿਲ ਦੇ ਵਿਹੜੇ
ਪੈਣ ਥਪੇੜੇ
ਚਿੱਕੜ-ਖੋਭਾ
ਤਿਲਕਣ ਬਾਜੀ
ਕੈਦੋ ਕੈਦੋ
ਕਾਜ਼ੀ! ਕਾਜ਼ੀ
ਲੋਕ ਅਵਾਜ਼ਾਂ
ਇਕੋ ਫਤਵਾ
ਕੋਈ ਨਹੀਂ ਰਾਜੀ
ਬੁੱਕਲ ਦੇ ਵਿੱਚ
ਸਾਰੇ ਪਾਜ਼ੀ।

✵



## ਤਥਾ-ਅਸਤੂ

ਭੋਲੇ ਨਾਥ ਹੇ ਸ਼ਿਵਾ!
ਤੂੰ ਕਦ ਕਿਹਾ ਸੀ
ਇਨ੍ਹਾਂ ਨੂੰ
ਸ਼ਿਵਲਿੰਗ ਦੀ ਪੂਜਾ ਕਰਨ ਲਈ
ਸੋਨੇ ਚਾਂਦੀ ਢੇਰ 'ਤੇ
ਕੋਈ ਸ਼ੇਸ਼ਨਾਗ ਧਰਨ ਲਈ
ਜੂਨ ਜੂਨ ਮਰਨ ਲਈ
ਅਕਰਮਾ-ਕਰਮ ਕਰਨ ਲਈ
ਤਥਾ ਅਸਤੂ।

ਬਾਬਾਣੀਆਂ ਕਹਾਣੀਆਂ
ਬਾਬੇ ਦੇ ਨਾਲ ਮੁੱਕੀਆਂ
ਅਡੰਬਰਾਂ ਨੂੰ ਭੰਡਦੀਆਂ
ਪਰਉਪਕਾਰੀ ਉਦਾਸੀਆਂ
'ਯਾਤਰਾ' ਵਿੱਚ ਬਦਲੀਆਂ।
ਦੰਭ ਭੇਖ ਉਭਰੇ
ਕਲਿਆਣ ਮਨਫ਼ੀ ਹੋ ਗਿਆ
ਰੱਬ ਦੂਰ ਜਾ ਖਲੋ ਗਿਆ
ਤਥਾ ਅਸਤੂ!

✵

## ਗੋਲੀ ਕਿ ਗਹਿਣੇ

ਸੱਤ ਨਦੀਆਂ
ਸੱਤ ਸਮੁੰਦਰ
ਪਾਰ ਕਰਕੇ
ਆ ਗਈ ਹਾਂ ਢੋਲਣਾ।

ਤੂੰ ਤਾਂ ਸਾਥੋਂ
ਕੁਝ ਨ ਪੁੱਛਿਆ
ਜਦ ਲ਼ਗਾਮਾਂ,
ਮੂੰਹ ਨੂੰ ਉੱਛਿਆ
ਪੈ ਗਿਆ ਕੁਝ ਬੋਲਣਾ।

ਨੱਕ ਦੇ ਵਿੱਚ
ਨੱਥ ਪਾਈ
ਤੂੰ ਤਾਂ ਆਪਣੀ
ਰੀਝ ਲਾਹੀ
ਪਰ ਦੁਹਾਈ
ਪੈਰੀਂ ਸਾਡੇ ਪਾ ਜੰਜ਼ੀਰਾਂ
ਭੁੱਲ ਗਿਉਂ ਤੂੰ ਖੋਲ੍ਹਣਾ।

ਸਿਰ ਤੋਂ
ਪੈਰਾਂ ਤੱਕ ਲੁਕਾ
ਚਾਨਣ ਛੁਪਾ
ਘੁੰਢ ਨੂੰ ਕਰਕੇ ਹਿਠਾਂ
ਸੂਰਜ ਸੀ ਕਿਥੋਂ ਟੋਲਣਾ?



ਉਮਰ ਦਾ ਜੋ
ਸਫਰ ਕੀਤਾ
ਜ਼ਹਿਰ ਪੀਤਾ
ਮੰਜ਼ਿਲਾਂ ਦੇ ਕੋਲ ਆ ਕੇ
ਇੰਝ ਨਹੀਂ ਸੀ ਡੋਲਣਾ।

ਜਿੱਤ ਕੇ ਵੀ
ਮੈਂ ਤਾਂ ਹਾਰੀ
ਹਾਂ ਵਿਚਾਰੀ
ਜਿੱਤ ਤੇਰੀ
ਜਿੰਦ ਮੇਰੀ
ਪੈਰਾਂ ਥੱਲੇ ਰੋਲਣਾ।

ਚਾਰੇ ਪਾਸੇ ਕਰ ਉਸਾਰੀ
ਖਬਰਦਾਰੀ!
ਕਬਰ ਤਾਂ ਆਖਿਰ ਸੀ
ਮਿੱਟੀ
ਮਿੱਟੀ ਦਾ ਕੀ ਫੋਲਣਾ?

ਸੱਤ ਨਦੀਆਂ
ਸੱਤ ਸਮੁੰਦਰ
ਪਾਰ ਕਰਕੇ
ਆ ਗਈ ਹਾਂ ਢੋਲਣਾ!

## ਯੁੱਧ

ਮਹਾ ਯੁੱਧ
ਇਕ ਦੂਜੇ ਦੇ ਵਿਰੁੱਧ
ਮਹਾ ਸੰਗਰਾਮ
ਬੜੇ ਆਮ
ਜਦੋਂ ਹੋਵਣ
ਧੜ ਡਿੱਗਣ
ਬਿਰਖ ਰੋਵਣ
ਪਰਬਤਾਂ ਦੇ
ਸੀਨਿਆਂ ਵਿਚ
ਛੇਕ ਹੋਵਣ
ਰੱਥ ਟੁੱਟਣ
ਘਰ ਖੁੱਸਣ
ਘੋੜਿਆਂ ਦੀਆਂ
ਟਾਪਾਂ ਸੰਗ
ਮਲੀਨ ਹੋਵੇ
ਪੌਣਾਂ ਦਾ ਹਰ
ਸੁਰ ਸਾਜ਼
ਤੂਫਾਨਾਂ 'ਚ ਬਦਲ ਜਾਏ
ਸ਼ਾਂਤ ਲਹਿਰਾਂ ਦੀ
ਆਵਾਜ਼!!

✵



## ਕਿਤਾਬੀ ਗੱਲਾਂ

ਤੇਜ਼ ਧੁੱਪ
ਮਾਂ ਚੁੱਪ
ਬੱਚਾ ਬੋਲਿਆ
– ਛਤਰੀ ਖੋਲ੍ਹੋ ਮਾਂ
ਕਿਤਾਬਾਂ 'ਚ ਤਾਂ
ਲਿਖਿਆ ਏ
ਮਾਂ ਠੰਡੀ ਛਾਂ ਹੁੰਦੀ ਏ
ਇਸੇ ਲਈ ਹੀ
ਮਾਂ ਹੁੰਦੀ ਏ।

✵

## ਸੱਦਾ ਪੱਤਰ

ਹੇ ਅਕਾਸ਼!
ਤੰਗ ਦਿਲਾਂ ਦਾ
ਕਰ ਵਿਕਾਸ
ਤੰਗੀਆਂ-ਤੁਰਸ਼ੀਆ ਦਾ
ਸ਼ਰਵਨਾਸ!
ਮਾਣ ਲੈਣ ਖੁੱਲ ਤੇਰੀ
ਸੁੰਗੜੇ ਸੁੰਗੜੇ ਲੋਕ ਵੀ
ਆਲੋਕ ਵੀ।

ਹੇ ਦਰਿਆ !
ਦਿਲ ਦਿਖਾ
ਦਇਆ ਕਰ
ਤ੍ਰਿਹਾਈਆਂ ਰੂਹਾਂ ਨੂੰ ਭਰ।
ਤੋੜ ਦੇ ਸਭ
ਰੋੜ੍ਹ ਦੇ ਸਭ
ਬੰਨ੍ਹ ਸਾਰੇ ਤੇ ਕਿਨਾਰੇ
ਹੰਝੂਆਂ ਦੇ ਦਰਦ ਸਾਰੇ
ਇਕੋ ਸਾਹੇ ਡੀਕ ਜਾ।



## ਐ ਹਵਾ

ਜਾਦੂ ਚਲਾ
'ਮੈਂ' ਦੇ ਹੰਕਾਰ ਨੂੰ
ਮੂਲੋਂ ਗਵਾ
ਰੀਂਗ ਰੀਂਗ ਚਲ ਰਹੇ ਜੋ
ਆ ਉਠਾ
ਸੁੰਨ ਹੋਈ ਸੋਚ ਨੂੰ
ਕੋਈ ਖੰਭ ਲਾ।

ਧਰਤੀਏ
ਨੀ ਧਰਤੀਏ
ਆ ਇਕੇਰਾਂ
ਓਸ ਚੱਕ ਵੱਲ ਪਰਤੀਏ
ਬੁੱਤ ਬਣੌਂਟੇ
ਮਿੱਟੀ ਦੇ ਬਾਵੇ ਬਣਾ
ਜਿੰਦਗੀ ਨੂੰ

ਸਿਰਜੀਏ ਤੇ ਵਰਤੀਏ।
ਸੂਰਜਾ ਵੇ ਸੂਰਜਾ
ਹੁਣ ਆ ਜ਼ਰਾ
ਘਰ ਹਨੇਰੇ ਰੌਸ਼ਨੀ ਦੀ
ਚਿਣਗ ਪਾ
ਨੌਜਵਾਨ ਸ਼ਕਤੀਹੀਣ
ਮਰਕੇ ਜੀਣ
ਸ਼ਕਤੀਆਂ ਦੀ ਲਾਗਲਾ
ਆ ਜਗਾ!

## ਨੇਤਾਓ-ਵਾਚ

ਅੱਖਾਂ ਬੰਦ
ਮੂੰਹ ਬੰਦ
ਸਾਹ ਰੋਕੋ
ਭਲੇ ਲੋਕੋ
ਯੋਗ ਜਰੂਰੀ ਏ।
ਮੇਰੀ ਮਜ਼ਬੂਰੀ ਏ
ਮੈਂ ਤਾਂ ਹੁਣ
ਪੰਜ ਵਰ੍ਹੇ
ਸ਼ਵ ਆਸਣ 'ਚ
ਰਹਾਂਗਾ ਪਿਆਰਿਓ!

✵



## ਸੰਘਰਸ਼

ਦਰਸ਼ਨ ਦੀਆਂ ਕਿਤਾਬਾਂ
ਸੰਘਰਸ਼ ਦੀਆਂ ਪੈੜਾਂ
ਸੂਰਜਾਂ ਦਾ ਸੇਕ
ਤੇ ਮਚਦੇ ਤੂਫਾਨਾਂ ਨੂੰ
ਸਾਂਭਣਾ ਤੁਹਾਡਾ ਕੰਮ ਏ।

ਕ੍ਰਾਂਤੀਕਾਰੀਆਂ ਦੀ ਉਮਰ ਤਾਂ
ਥੋੜ੍ਹੀ ਹੁੰਦੀ ਏ ਦੋਸਤੋ!

✵

## ਵੇਦਨਾ

ਅੰਤਰੀਵ ਦੀ
ਯਾਤਰਾ ਕਰਦਿਆਂ
ਮਨ ਗੁਫ਼ਾ 'ਚ
ਸੋਚਾਂ ਦਾ ਘੋੜਾ ਦੌੜਦਾ
ਸਰਪਟ!
ਘੱਟਾ-ਮਿੱਟੀ
ਆਤਮਾਂ ਮਲੀਨ ਹੁੰਦੀ
ਅੰਦਰੇ ਅੰਦਰ
ਸ਼ੁਧੀਕਰਨ ਦੀ
ਤਰਕੀਬ ਬਦਲਦੀ
ਤਰਤੀਬ ਚੱਲਦੀ
ਸਹਿਜੇ ਹੀ
ਬੁੱਤ ਦਾ ਮਰਮਰੀ ਮਹਿਲ
ਰੇਤ 'ਚ ਬਦਲ ਜਾਂਦਾ!!

✵



## ਹੁਕਮ

ਵਕਤ ਦੀ ਮੱਤ 'ਤੇ
ਪਰਦਾ ਪਿਆ ਏ
ਸੁਕਰਾਤ ਦਾ ਮਰਨਾ
ਮਨਸੂਰ ਦਾ ਸੂਲੀ ਚੜ੍ਹਨਾ
ਤੇ ਸਿੰਕਦਰ ਦਾ ਹਰਨਾ
ਨਿਸ਼ਚਤ ਏ
ਤੇ ਲਾਜ਼ਮੀ ਵੀ!

✵

## ਸ਼ੈਤਾਨ

ਤੂਫ਼ਾਨ ਆਇਆ
ਲੋਕ ਆਏ
ਹੱਥ ਫੜੇ
ਇੱਕਤਰ ਹੋ ਗਏ।

ਸ਼ੈਤਾਨ ਆਇਆ
ਕੁਰਸੀ ਘੜੀ
ਸਾਰੇ ਮੂੰਹ ਮੋੜ ਕੇ
ਖਲੋ ਗਏ
ਇੱਕ ਦੂਜੇ ਦੇ ਖ਼ਿਲਾਫ।

✵



## ਹੱਲ

ਉਹ ਸੋਚਦੇ
ਹਰ ਸਮੱਸਿਆ ਦਾ ਹੱਲ
ਮੰਦਰ 'ਚ ਖੜਕਦਾ ਟੱਲ।
ਉਨ੍ਹਾਂ ਹਰ ਸਰਦਲ 'ਤੇ
ਟੱਲ ਲਟਕਾ ਦਿੱਤੇ
ਭਗਵਾਨ ਬਹਿਰਾ ਹੋ ਗਿਆ
ਧੂਆਂ ਗਹਿਰਾ ਹੋ ਗਿਆ।

✵

## ਲੋੜ ਨਹੀਂ

ਦਿਨ-ਦੀਵੀ
ਹਨੇਰੇ ਗਰਦੀ!
ਰੈਣ ਡਰਾਵੇ
ਸੂਰਜ ਭਲਾ ਏਥੇ
ਰੋਜ਼ ਕਿਉਂ ਆਵੇ ?

✵



## ਲੋਕਤੰਤਰ

ਪ੍ਰਯੋਗਸ਼ਾਲਾ 'ਚ ਜਾ ਕੇ
ਪ੍ਰੀਖਣ ਕਰੋ ਦੁਬਾਰਾ
ਪਰਖ -ਨਲੀ 'ਚ ਪਾ ਦਿਉ
ਅੰਡਕੋਸ਼
ਕੋਲੋਨ ਤਿਆਰ ਕਰੋ
ਫਲਾਸਕ ਰਾਹੀਂ
ਕਿ ਇਸ ਘੜੀ
ਜਨੂਨੀਆਂ ਦੀ
ਬਹੁਤ ਲੋੜ ਏ
ਵਤਨ ਨੂੰ!

✵

## ਕਾਰਵਾਈ

ਹੱਥਾਂ ਨੇ
ਪੌਣਾਂ ਦੀ ਮਾਰਫ਼ਤ
ਰੱਬ ਨੂੰ ਖ਼ਤ ਘੱਲਿਆ
ਖੁਸ਼ੀਆ ਤੇ ਖੇੜਿਆ ਲਈ।

ਪੌਣਾਂ ਨੇ ਖ਼ਤ ਉਡਾਇਆ
ਖੂਬ ਘੁਮਾਇਆ
ਸਾਗਰ ਦੇ ਹਵਾਲੇ ਕੀਤਾ
ਹੱਥਾਂ ਵੱਲ ਰਸੀਦ ਸੁੱਟੀ
ਤੇ ਮੁੜ ਗਈਆਂ।
.........
ਬਕਾਇਦਾ ਮੋਹਰ ਲੱਗੀ ਸੀ
ਰੱਬ ਰਾਖਾ !!

✵



## ਚੇਤਾਵਨੀ

ਸਾਰੀ ਉਮਰ
ਜ਼ਿਰ੍ਹਾ 'ਚ ਹੀ
ਨਾ ਗੁਜਾਰ ਦੇਣ

ਇੱਥੇ ਜੰਗਲੀ
ਕਾਨੂੰਨ ਲਾਗੂ ਨੇ।

✵

## ਤਬਾਹੀ

ਵੇਦ ਗ੍ਰੰਥ ਪੁਰਾਣ
ਬੜੇ ਮਹਾਨ
ਬਿਨਾਸ਼ਕ !
ਪਰ ਸਦਾ ਹੀ
ਖੇਡਦੇ ਰਹੇ
ਤਾਕਤਾਂ ਦੇ ਹੱਥ 'ਚ
ਹਕੂਮਤਾਂ ਦੇ ਵੱਸ 'ਚ
ਚੁੱਪ ਚਾਪ

ਤੇ ਤਬਾਹੀ ਹੁੰਦੀ ਰਹੀ
ਲਗਾਤਾਰ!
ਲਗਾਤਾਰ!!



## ਮਾਂ

ਇਕ ਮੂਰਤ
ਜਾਣੀ ਪਹਿਚਾਣੀ

ਆਦਿ ਅਗਨ ਬਣ
ਪੌਣ ਪੌਣ ਜਿਹੀ
ਪਾਵਨ ਜੋਤੀ
ਲਹਿਰ ਲਹਿਰ ਜਿਹੀ
ਅਗਮ ਅਗੰਮੀ
ਹੈ ਲਾਸਾਨੀ
ਇਕ ਮੂਰਤ

ਜਾਣੀ ਪਹਿਚਾਣੀ।

ਚੰਨ ਨੂੰ ਤਾਰਾ
ਤਾਰਾ ਤਾਰਾ
ਤਾਰਾ ਤਾਰਾ ਹੈ ਉਜਿਆਰਾ
ਘਾਟ ਘਾਟ ਵੀ
ਘਟਾ ਘਟਾ ਵੀ
ਘਾਟ ਘਾਟ ਦਾ
ਪਾਣੀ ਪਾਣੀ।
ਇਕ ਮੂਰਤ
ਜਾਣੀ ਪਹਿਚਾਣੀ।

ਅਰਸਾ ਚਰਚਾ
ਸਾਂਝਾ ਵਿਰਸਾ
ਭੁੱਲੀ ਵਿਸਰੀ
ਦੰਤ ਕਹਾਣੀ
ਮਿਥ ਪੁਰਾਣੀ
ਵਹਿੰਦਾ ਰਹਿੰਦਾ
ਕਤਰਾ ਕਤਰਾ
ਦਰਿਆ ਦਰਿਆ
ਨੈਣਾਂ ਥਾਣੀ
ਇਕ ਮੂਰਤ
ਜਾਣੀ ਪਹਿਚਾਣੀ।

✵



## ਕੰਨਸੋਅ

ਖੌਲਦੇ ਸਮੁੰਦਰ ਨੇ
ਲਹਿਰਾਂ ਦੇ ਕੰਨਾਂ 'ਚ ਕਿਹਾ
ਹਰਕਤ ਕਰੋ ਐ ਹਵਾਓ
ਬਰਕਤਾਂ ਸੰਗ ਬਾਹਰ ਜਾਓ।
ਫਿਰ ਬਰੇਤੇ
ਚਾਂਦੀ ਰੇਤੇ
ਭਰੇ ਪਏ ਸਨ
ਮੂੰਗੇ ਮੋਤੀਆਂ ਸੰਗ
ਹੁਣ .........
ਸਮੁੰਦਰ ਸ਼ਾਂਤ ਸੀ।

✵

## ਭਰਮ

ਮੈਂ ਜਦ ਕਦੇ ਵੀ
ਚਾਨਣ ਦੀ
ਭਾਲ 'ਚ ਨਿਕਲੀ
ਰੱਬ ਨੂੰ
ਮਿੱਟੀ ਦਾ ਬਾਵਾ ਬਣਾ
ਮੋਢੇ ਲਾ ਤੁਰੀ।

ਠੇਡਾ ਜਿਹਾ ਲੱਗਦਾ
ਮੇਰੇ ਡਿੱਗਣ ਤੋਂ ਪਹਿਲਾਂ
ਬਾਵਾ ਡਿਗਦਾ
ਚੂਰ ਹੋ ਜਾਂਦਾ
ਅੱਖਾਂ ਤੋਂ
ਦੂਰ ਹੋ ਜਾਂਦਾ।



## ਸ਼ਿਲਾਲੇਖ

ਅਸ਼ੋਕਾ ਦੇ ਸ਼ਾਹੀ ਫਰਮਾਨ
ਸ਼ਿਲਾਲੇਖ!
ਮਿਟਦੇ ਮਿਟਦੇ
ਮਿਟ ਰਹੇ ਨੇ।

ਪਰ ਕਲਿੰਗਾ ਦਾ ਮੈਦਾਨ
ਸੁਣ ਰਿਹਾ ਹੈ
ਅੱਜ ਵੀ
ਜੰਗ ਦਾ ਕੋਈ ਐਲਾਨ।

ਹਾਥੀ ਘੋੜੇ ਸ਼ਸਤਰਾਂ ਦਾ
ਜੋਰ ਸ਼ੋਰ
ਹੋਰ ਉੱਚਾ ਹੋ ਰਿਹਾ ਏ
ਹੋਰ ਹੋਰ
ਹੋਰ ਖਾਸ ਹੋ ਗਿਆ
ਦੀਵਾਨੇ ਖਾਸ
ਹੋਰ ਹੁੰਦਾ ਜਾ ਰਿਹਾ
ਅਸ਼ੋਕ ਮਹਾਨ!

ਹੋਰ ਡੂੰਘੇ ਹੋ ਗਏ
ਪਰ ਧਰਤ ਦੇ
ਸੀਨੇ 'ਤੇ ਉਕਰੇ
ਰਥ ਪੈੜਾਂ ਦੇ ਨਿਸ਼ਾਨ।

## ਐਲਾਨ

ਵਹਿਣ ਦਿਓ ਥੋੜਾ ਲਹੂ
ਕਹਿਣ ਦਿਓ ਕੁਝ
ਰੂ- ਬਰੂ
ਉਹਨਾਂ ਖ਼ਿਲਾਫ।

ਹੁਣ ਸਭ
ਮੁਰਦਾਰ ਰੂਹਾਂ
ਬੇਕਾਰ ਨੇ
ਬਰਦਾਸ਼ਤ ਤੋਂ ਬਾਹਰ ਨੇ।

✷



## ਹਲ਼ਫੀਆਂ ਬਿਆਨ

ਬਜ਼ੁਰਗ ਬੋਲਿਆ
ਫਰਜ਼!
ਲੋਕਾਂ ਕਿਹਾ
ਕਰਜ਼!
ਗੱਭਰੂ ਗਰਜਿਆ
ਖੁਦਗਰਜ਼!
ਔਰਤ ਕੂਕੀ
ਮਰਜ਼!
ਗਵਾਹੀ ਦਰਜ ਹੋਈ
ਉਮਰਾ ਹਰਜ਼ ਹੋਈ
ਰਿਸ਼ਤੇ ਹਾਰ ਗਏ!

✷

## ਏਕਮ

ਓਮ ਦੇ ਪ੍ਰਕਾਸ਼ ਦੀ
ਗਾਥਾ ਕਹੇ ਸੰਸਾਰ ਸਾਰਾ
ਏਕਮ ਦੀ ਕੋਈ ਬਾਤ ਪਾਵੇ
ਓਨਮ ਪ੍ਰੇਮ ਦੂਤ ਬਣ ਕੇ
ਇੱਕ ਸ਼ਹਿਜਾਦੀ ਫੇਰ ਆਵੇ।

ਸੁਰਸਤੀ ਦੁਧੀਆ ਲਿਬਾਸ
ਮਸਤਕ 'ਤੇ ਸੂਹੀ ਲਲਾਟ
ਓੜ੍ਹ ਕੇ ਆਕਾਸ਼ ਗੰਗਾ
ਚਿੱਟੇ ਚਿੱਟੇ ਕਈ ਕਬੂਤਰ
ਆ ਉਡਾਵੇ।

ਬ੍ਰਹਮਾ ਬ੍ਰਹਿਮੰਡ ਚਿਤਾਰੇ
ਪ੍ਰਕ੍ਰਿਤੀ ਪੌਣ ਪਾਣੀ
ਲੀਕ ਲੀਕ ਧਰੂ ਤਾਰੇ।

ਦੀਪ ਮਹਾਂਦੀਪ ਮੋਤੀ
ਸੁਪਨ ਜੋਤੀ ਆਸ ਬਣ ਕੇ
ਪੰਚ-ਅੰਮ੍ਰਿਤ ਆ ਮਿਲਾਵੇ
ਹੰਝੂਆਂ ਥੀਂ ਟਿਮਟਿਮਾਵੇ।

✵



## ਮੁਕਤੀ

ਠੀਕ ਸੁਣਿਐ
ਕਾਲੀ ਬੋਲੀ ਰਾਤ
ਸੂਰਜ ਨਿਗਲ ਗਈ ਏ।

ਸੰਗਲਾਂ 'ਚ ਜਕੜੇ ਤੁਸੀਂ
ਹੱਥ ਹਿਲਾਉਂਦੇ ਰਹਿਣਾ
ਖਬਰੇ ਕਦੋਂ
ਜੰਜੀਰਾਂ ਟੁੱਟਣ ਦੀ
ਅਵਾਜ਼ ਸੁਣ
ਸੂਰਜ ਮੁਕਤ ਹੋ ਜਾਵੇ
ਹਨੇਰਾ ਲੁਪਤ ਹੋ ਜਾਵੇ।

✵

## ਗੁਰੂ ਦੱਖਣਾ

ਮੱਥੇ ਦੇ
ਮੋਰ ਪੰਖ ਠੀਕ ਕਰੋ
ਤੀਰ ਕਮਾਨ ਹੇਠਾਂ ਧਰੋ
ਬੈਠ ਜਾਓ
ਸਿਰ ਨਿਵਾਓ
ਤੇ ਕਬੀਲੇ ਦੀ
ਧੀ ਦਾ ਨਾਂ
ਅਦਬ ਨਾਲ ਲਵੋ
ਫਿਰ ਸਿਖਾਵਾਂਗਾ
ਧਨੁੱਖ ਵਿੱਦਿਆ
ਕਿਉਂ ਜੁ ਮੈਂ
ਦ੍ਰੋਣ ਨਹੀਂ
ਏਕਲਵਯ ਹਾਂ ਸਾਥੀ !

✵



## ਇੱਕੋ ਜੋਤ

ਮੈਂ ਇੱਕ ਹਰਨੀ
ਬਾਗੀਂ ਚਰਨੀ
ਨੱਚਾਂ ਜੰਗਲ ਬੇਲੇ
ਗਜ਼ ਗਜ਼ ਲੰਮੀਆਂ
ਪੁੱਟ ਪੁਲਾਘਾਂ
ਦੌੜਾਂ ਸੰਝ ਸੁਵੇਲੇ।

ਮੈਂ ਇੱਕ ਮਛਲੀ
ਸੋਨ ਸੁਨਹਿਰੀ
ਲਹਿਰ ਲਹਿਰ ਨੂੰ ਚੁੰਮਾਂ
ਮੁੜ ਮੁੜ ਆਵਾਂ
ਮੁੜ ਮੁੜ ਜਾਵਾਂ
ਸੱਤ ਸਮੁੰਦਰ ਘੁੰਮਾਂ।

ਮੈਂ ਇੱਕ ਨਦੀ
ਦਿਲਾਂ ਦੀ ਦਰਿਆਂ
ਮੇਰੀ ਅਜਬ ਕਹਾਣੀ
ਜਿੱਥੇ ਜਾਵਾਂ ਮੈਂ ਵਿਛਾਵਾਂ
ਅੰਮ੍ਰਿਤ ਵਰਗਾ ਪਾਣੀ।

ਮੈਂ ਇੱਕ ਪੌਣ
ਪੁਰੇ ਤੋਂ ਆਈ
ਮੈਨੂੰ ਨ ਕੋਈ ਰੋਕੇ
ਮੈਂ ਤਾਂ ਆਪਣੇ ਨਾਲ ਲਿਆਈ
ਪ੍ਰੀਤ ਦੇ ਗੀਤ ਪਰੋ ਕੇ!

ਮੈਂ ਇੱਕ ਡਾਲੀ
ਫੁੱਲਾਂ ਲੱਦੀ
ਵੰਡਾਂ ਪਈ ਖੁਸ਼ਬੋਆਂ
ਹਰ ਰਾਹੀ ਜੋ ਲੰਘੇ, ਸੋਚੇ
ਦੋ ਪਲ ਲਈ ਖਲੋਵਾਂ।

ਮੈਂ ਇੱਕ ਤਿਤਲੀ
ਰੂਪ ਦੀ ਰਾਣੀ
ਉੱਡਾਂ ਤੇ ਰੰਗ ਮਾਣਾਂ
ਹਰ ਪੱਤੇ ਤੇ ਹਰ ਡਾਲੀ 'ਚੋਂ
ਇੱਕੋ ਜੋਤ ਪਛਾਣਾਂ।

✵



## ਰਾਜਨੀਤੀ

ਉਹ ਅਕਸਰ
ਸੱਚ ਤੋਂ
ਉਕਤਾ ਜਾਂਦੇ ਨੇ
ਝੁੰਜਲਾ ਜਾਂਦੇ ਨੇ
ਸਵਾਲਾਂ ਦੇ ਜਵਾਬ ਤੋਂ
ਚਿਹਰੇ ਦੇ ਨਕਾਬ ਤੋਂ।

ਤਾਂ ਮਲਕੜੇ ਜਿਹੇ
ਉੱਠਦੇ ਨੇ
ਹਵਾ 'ਚੋਂ ਕੋਈ
ਗਰਮ ਹਰਫ਼ ਚੁੱਕਦੇ ਨੇ
ਤੇ ਮਨਸੂਰ ਨੂੰ
ਬਿਨਾ ਕਸੂਰ
ਸੂਲੀ ਚਾੜ ਦਿੰਦੇ
ਚੁਫੇਰੇ ਬਸ
ਧੂੰਆਂ ਹੁੰਦਾ ਏ!

✵

## ਮਾਂ ਬੋਲੀ

ਸਾਡੇ ਦਰਮਿਆਨ
ਹੁੰਦਾ ਹੀ ਰਹਿੰਦਾ
ਵਿਚਾਰਾਂ ਦਾ ਆਦਾਨ ਪ੍ਰਦਾਨ ।

ਫਰਕ ਬਸ ਏਨਾ
ਪਰਾਈ ਜਬਾਨ
ਬੇਜਾਨ
ਲੜਖੜਾਉਂਦੀ
ਪਿੰਜਰੇ ਵਿਚ ਫੜਫੜਾਂਉਂਦੀ ।

ਮਾਂ ਬੋਲੀ
ਅੰਦਰੋਂ ਬੋਲਦੀ
ਭੇਦ ਖੋਲਦੀ
ਰੂਹਾਂ ਚੋਂ ਉੱਠਦੀ
ਖੰਭ ਖਿਲਾਰਦੀ
ਖੇੜਿਆਂ ਨੂੰ ਬੁੱਕਲ 'ਚ ਲੈ
ਮੋਹ ਦੇ ਅੰਬਰ 'ਤੇ
ਛਾ ਜਾਂਦੀ
ਜਿਉਂ ਕਿਧਰੋਂ
ਚਾਣ ਚੱਕ
ਮਾਂ ਹੀ ਆ ਜਾਂਦੀ !

✷



## ਹੈਟਸ ਔਫ਼

ਹਿਟਲਰ ਦੇ
ਨਿੱਕੇ ਨਿੱਕੇ ਹੱਥਾਂ 'ਚ
ਖੁਰਪੀ ਤੇ ਬੁਰਸ਼ ਵੇਖ
ਨਜ਼ਰੀਆ ਬਦਲ ਲਵੋ
ਨਾਜ਼ੀਆ ਪ੍ਰਤੀ।

ਜਦੋਂ ਸੁਪਨਿਆਂ ਦੀ ਉਮਰੇ
ਵਾਹੁਣੇ ਪੈਂਦੇ ਨੇ
ਵੱਡੇ ਵੱਡੇ ਟ੍ਰੇਡ ਬੋਰਡ
ਦੋ ਜੂਨ ਦੀ ਰੋਟੀ ਖਾਤਿਰ।
ਆਖ਼ਿਰ.....
ਹਨੇਰੇ ਵੱਲ ਖੁਲਦੀ ਏ
ਜ਼ਿੰਦਗੀ ਦੀ ਖਿੜਕੀ।

ਮਜ਼ਦੂਰਾਂ ਦੀ ਬਾਂਹ ਫੜੀ
ਤੁਰਦਿਆਂ ਛਿੱਲੇ ਜਾਂਦੇ ਨੇ
ਸਟਾਲਿਨ ਦੇ ਪੈਰ।
ਖੈਰ........
ਮੈਦਾਨੇ ਜੰਗ 'ਚ
ਦੇਸ਼ ਭਗਤੀ ਲਈ ਲੜਦਿਆਂ
ਕੱਟੇ ਫੱਟੇ ਜਾਂਦੇ ਨੇ ਜਿਸਮ
ਤੇ ਦੰਗ ਰਹਿ ਜਾਂਦੀ ਏ
ਜਮੀਰ।
ਅਖੀਰ......

ਰਾਜ਼ਿਆਂ ਦੀਆਂ ਵਧੀਕੀਆਂ
ਨੂੰ ਦੋ ਪਲ ਵਿਸਾਰ ਦਿਓ
'ਮੇਰਾ ਸੰਘਰਸ਼' ਪੜ੍ਹਦਿਆਂ
ਇਕੇਰਾਂ
ਜੰਗੀ ਕੈਦੀ ਲਈ
ਹੈਟ ਉਤਾਰ ਦਿਓ।
ਹੈਟਸ ਔਫ਼.....।

✵



## ਖ਼ਾਬ

ਸਿਆਹ ਰਾਤਾਂ 'ਚ
ਚਮਕਦੇ ਨੇ
ਕਈ ਵਾਰ
ਆਸਾਂ ਦੇ ਜੁਗਨੂੰ
ਤੇ ਹੱਥਾਂ ਦੀਆਂ ਲਕੀਰਾਂ
ਕਿਰਮਚੀ ਹੋ ਜਾਂਦੀਆ ਨੇ।

ਸਹਿਜੇ ਸਹਿਜੇ
ਸੁਨਹਿਰਾ ਸੂਰਜ
ਖਿਆਲਾਂ 'ਚ ਆਉਂਦਾ
ਲਹਿਰਾਉਂਦਾ
ਤੇ ਸਾਰਾ ਸੌਰ ਮੰਡਲ
ਨੀਲਾ ਚਮਕੀਲਾ
ਦਿਸ ਆਉਂਦਾ।

✵

## ਪਹਿਲ

ਹੁਣ ਪਹਿਲਾਂ
ਪਾਣੀ ਦੀ ਗੱਲ ਕਰੋ।

ਰੋਟੀ ਬਾਬਤ
ਫਿਰ ਤੁਰੇਗੀ ਬਾਤ
ਆਪਣੇ ਆਪ!

✵



## ਗਿਲ੍ਹਾ

ਮੈਨੂੰ ਇਤਰਾਜ
ਤੁਹਾਡੇ 'ਤੇ ਨਹੀਂ
ਤੁਹਾਡੀਆ ਸੋਚਾਂ 'ਤੇ
ਗਿਲਾ ਏ.....
ਅਜੀਬ ਸਿਲਸਿਲਾ ਏ
ਅਗਨ ਦੀ ਜਰੂਰਤ ਲਈ
ਤੁਸੀਂ ਉਤਾਂਹ
ਅੰਬਰ ਵੱਲ ਤੱਕਦੇ ਹੋ
ਪਰ ਜਦੋਂ
ਨੀਰ ਚਾਹੁੰਦੇ ਹੋ
ਤਾਂ ਚੁੱਪ ਚਾਪ
ਜਮੀਨਦੋਜ਼ ਹੋ ਜਾਂਦੇ ਹੋ !

✵

## ਘਰ

ਚੁਫੇਰੇ ਦੀਵਾਰਾਂ
ਸਿਰ ਤੇ ਛੱਤਾਂ
ਅੰਦਰ ਬਾਹਰ
ਭੀੜੇ-ਭੀੜੇ ਦਰ
ਖ਼ਬਰੇ.....
ਇਹੀ ਹੁੰਦੇ ਨੇ
ਘਰ !!

✷



## ਖਾਹਿਸ਼

ਮੈਨੂੰ ਪੂਰਬ ਦਿਸ਼ਾ ਵੱਲੋਂ
ਉਗਮਣ ਦਿਓ ਜਰਾ
ਸਰਸਬਜ ਪੱਤੀਆਂ 'ਚੋਂ
ਛਣ ਕੇ
ਕਿਰਨਾਂ ਨੂੰ ਲੈ ਕਲਾਵੇ
ਤੁਹਾਡੀਆਂ ਕੁੱਲੀਆਂ ਤੱਕ
ਪਹੁੰਚ ਜਾਵਾਂ
ਜਲਾਗਾਹਾਂ ਦੀ ਮਿਠਾਸ
ਤੁਹਾਡੀ ਪਿਆਸ 'ਤੇ
ਛਿੜਕ ਦਿਆਂ
ਤਾਂ ਕਿ ਆਸ ਮੱਘਦੀ ਰਹੇ
ਸੀਨੇ 'ਚ!

ਹੱਥਾਂ 'ਚ ਲੁਕਾ
ਇਕ ਚਿਰਾਗ
ਬੜੀ ਹਿਫ਼ਾਜਤ ਨਾਲ
ਰੱਖ ਆਵਾਂ
ਹਨੇਰੇ ਰਾਹਾਂ 'ਚ।
ਸੋਚਾਂ 'ਚ ਬਾਲ ਦਿਆਂ
ਭਾਂਬੜ
ਬਸ ਤੁਸੀਂ
ਕੱਖਾਂ ਤੋਂ
ਬੇਲਿਹਾਜ ਅੱਖਾਂ ਤੋਂ
ਬਚਾਕੇ ਰੱਖਣਾ
ਆਪਣਾ ਆਪ
ਮੇਰੇ ਪਰਤਣ ਤੱਕ !

## ਬਾਈਸਕੋਪ

....... ਹਾਂ.......ਹਾਂ
ਦੇਖਣ ਦਿਉ।
ਜਿੱਥੇ ਤੱਕ ਨਜ਼ਰ ਦੇਖੋ
..............
ਤੋਬਾ! ਤੋਬਾ!
ਸਿਰ ਹੀ ਸਿਰ
ਬੇ ਦਿਮਾਗ
ਬੇਹਿਸਾਬ
ਰਿੜਦੇ ਪਏ ਨੇ
ਰੁਲਦੇ ਪਏ ਨੇ!

✵



## ਜਾਂ -ਬਾਜ

ਓਸ ਜਾਂ-ਬਾਜ ਨੂੰ ਪੇਸ਼ ਕਰੋ
ਤਾਜ ਧਰੋ ਸਿਰ 'ਤੇ
ਚੁਰਾਇਆ ਏ ਜਿਸ ਨੇ
ਮਹਾਰਾਣੀ ਦੇ ਗਲ ਦਾ
ਨੌਂ-ਲੱਖਾ ਹਾਰ
ਹਾਰ ਕਿ ਜਿਸ ਵਿੱਚਕਾਰ
ਕਾਮਿਆਂ ਦੀ ਰੱਤ ਰੰਗੇ
ਨਗ ਜੜ੍ਹੇ ਨੇ
ਲਿਸ਼ਕਦੇ ਸੁਫਨੇ ਮੜੇ ਨੇ
ਸੋਨੇ ਦੀ ਥਾਂਵੇ।
ਪਰ ਨਿਥਾਵੇਂ
ਮਣਕਾ-ਮਣਕਾ ਖਿਲਰੇ
ਪੈਰਾਂ ਵਿਚ ਹਾਰ ਕੇ।

✵

## ਧਰਮ

ਓ ਮ੍ਰਿਗਨੈਣੀ !
ਪਲਕਾ ਦੀ ਛਾਂਵੇਂ
ਸੁਫਨੇ ਪਰਛਾਵੇਂ
ਬੁਣਦੀ ਕਲਪਨਾ
ਖੁਣਦੀ ਮਨ ਮੰਦਿਰ 'ਤੇ
ਸੋਚ ਦੀ ਛੈਣੀ
ਓ ਮ੍ਰਿਗਨੈਣੀ।
ਉਮੀਦਾਂ ਦੀਆਂ ਝੀਲਾਂ
ਦੇਵਣ ਦਲੀਲਾਂ
ਨਖ਼ਲਿਸਤਾਨ ਉੱਗਣ
ਮਾਰੂਥਲੀਂ ਵੀ
ਹਿਰਨ ਹਿਰਨੋਟੇ
ਕਾਲੇ ਕਸਤੂਰੇ
ਧਰਮ ਧਤੂਰੇ
ਅੱਖਾਂ ਦੇ ਮੂਹਰੇ
ਮਿਰਗਾਂ ਦੀਆਂ ਡਾਰਾਂ
ਸੋਚਾਂ ਵਿਚਾਰਾਂ
ਮ੍ਰਿਗਈ ਤ੍ਰਿਸ਼ਨਾ
ਕਿਸ਼ਨਾ ਓ ਕਿਸ਼ਨਾ
ਮੱਥੇ ਜਵਾਲਾ
ਮਘੇ ਮ੍ਰਿਗਸ਼ਾਲਾ
ਪੈਰਾਂ 'ਚ ਤੇਰੇ
ਤਾਂਡਵ ਹੈ ਭਾਉਂਦਾ
ਜ਼ੁਲਫਾਂ ਚੋਂ ਤੇਰੇ
ਨਿਕਲੇ ਤ੍ਰਿਵੈਣੀ
ਓ ਮ੍ਰਿਗਨੈਣੀ !



## ਮਖੌਟੇ

ਵੱਡੇ ਵੱਡੇ ਦੇਸ਼
ਧਾਰ ਕੇ ਭੇਸ
ਸੰਤਾਂ ਦਾ
ਮੁਸਕੁਰਾਉਂਦੇ ਆ ਰਹੇ ਨੇ।
ਐਟਮਾਂ ਨਾਲ ਲੈਸ ਹੋ ਕੇ
ਅਮਨ ਦੀ ਘੁੱਗੀ ਨੂੰ
ਚੋਗਾ ਪਾ ਰਹੇ ਨੇ !

✵

## ਹੱਕ

ਕਿੰਨਾ ਹਨੇਰਾ ਏ ਰਸਤਾ
ਤੁਰ ਰਹੇ ਨੇ ਬੁਰੇ ਹਾਲ
ਨਾਲ ਨਾਲ
ਲੈ ਸੰਗੀਨਾਂ ਮੋਢਿਆਂ 'ਤੇ
ਰਾਤ ਦਿਨ।
ਲੋਚਦੇ ਜੀਵਨ ਜਲਾਲ
ਅੱਗ ਜਿਹੇ ਲੈ ਕੇ ਸਵਾਲ
ਭਾਲਦੇ ਨੇ ਚੋਰੀ ਹੋਏ
ਸੁਪਨਿਆਂ ਨੂੰ!
ਹੱਥ ਤੇ ਹੱਥ ਮਾਰਕੇ
ਲੁਕ ਗਏ ਨੇ
ਚੋਰ ਡਾਢੇ
ਮਾਸੂਮਾਂ ਨੂੰ
ਅੱਗ ਅੱਗੇ ਧੱਕ ਕੇ
ਦੋਵੇ ਪਾਸੇ ਨੇ ਮਾਸੂਮ
ਅੱਗ ! ਅੱਗ !
ਪਰ੍ਹਾਂ ਹਟੋ-ਜਾਣ ਦਿਉ
ਭਾਲਣ ਦਿਉ ਇਨ੍ਹਾਂ ਨੂੰ
ਆਪਣੇ ਹਿੱਸੇ ਦਾ ਚਾਨਣ
ਬਾਰੂਦਾਂ ਦੀ ਰੋਸ਼ਨੀ ਵਿੱਚ
ਬਿਨਾਂ ਸ਼ੱਕ !
ਖੋਹ ਨਾ ਦੇਵਣ ਇਹ ਕਿਤੇ
ਆਪਣੇ ਚਾਨਣ ਦਾ ਹੱਕ।

✵



## ਤਸਵੀਰ

ਸ਼ੰਸਾਰ ਇੱਕ ਅਜਾਇਬਘਰ
ਨੁਮਾਇਸ਼ ਲੱਗੀ
ਮਨ- ਲੁਭਾਵੇ ਨਕਸ਼ ਘੜੇ
ਸੁਫਨਿਆਂ ਜਿਹੇ ਬੁੱਤ ਖੜੇ
ਮੂੰਹੋਂ ਤਸਵੀਰਾਂ ਬੋਲ ਰਹੀਆਂ।

ਬੀਆਬਾਨ ਸੁੰਨ ਉਜਾੜ
ਆਲ੍ਹਣੇ ਬਿਜੜੇ ਤੇ ਝਾੜ
ਇਹ ਲਕੀਰਾਂ ਤੇ ਜਗੀਰਾਂ
ਸਭ ਦ੍ਰਿਸ਼ ਕਿੰਨੇ ਸੁਹਾਣੇ
ਪਰ ਪੁਰਾਣੇ ਰੰਗ ਸਾਰੇ
ਉੱਡ ਰਹੇ ਨੇ
ਖਿੰਡ ਰਹੇ ਨੇ।

ਆਖਰੀ ਛੁਹ ਬੁਰਸ਼ ਵਾਲੀ
ਰਮਝ ਕਹਿੰਦੀ
ਦਿਲ 'ਚ ਲਹਿੰਦੀ
ਰਿਸ਼ਤਿਆਂ ਨੂੰ ਸਸਤਿਆਂ ਕਰ
ਖੁਸ਼ਕ ਪਾਣੀ ਅੱਖਾਂ ਥਾਣੀ
ਮੋਤੀ ਬਣ ਕੇ ਡਲ੍ਹਕ ਪੈਂਦਾ
ਛਲਕ ਜਾਂਦਾ।

ਰਸਤਿਆਂ ਤੇ
ਬਸਤਿਆਂ ਦੀ ਕੂਟਨੀਤੀ
ਮੋਹ ਦੀ ਤਸਵੀਰ ਹੈ
ਕਿਸ ਨੇ ਚੁਰਾਈ
ਗਾਇਬ ਕੀਤੀ ?

✵



## ਲਾਲਟੈਨ

ਪਤਾ ਹੀ ਸੀ
ਤੁਸੀ ਨਿੱਕੇ ਨਿੱਕੇ
ਜੁਗਨੂੰਆਂ ਨੂੰ ਵੇਖ
ਪਰਚ ਜਾਉਗੇ।
ਮੋਮ ਨਾਲ ਵਰਚ ਜਾਓਗੇ।
ਤੇ ਅਗਲੇ ਜਨਮ ਜਾਗਣ ਦਾ
ਵਾਅਦਾ ਕਰਕੇ
ਹਨੇਰੇ 'ਚ ਗਰਕ ਜਾਓਗੇ।

ਅਹਿ ਵੇਖੋ
ਮੇਰੇ ਹੱਥਾਂ 'ਚ
ਮੇਰੀ ਲਾਲਟੈਨ ਏ
ਜਿਸ ਵਿਚ
ਮੇਰੇ ਲਹੂ ਦਾ ਤੇਲ
ਬਲ ਰਿਹੈ
ਲਟਾ ਲਟ!
ਲਟਾ ਲਟ
ਲਟਾ ਲਟ!!!

✵

## ਉਡਾਣ

ਉਕਾਬਾਂ ਦੀ
ਉਡਾਣ ਖੋਹਣ ਤੋਂ ਪਹਿਲਾਂ
ਚੇਤੇ ਰੱਖਣਾ
ਤੁਹਾਡੇ ਪੈਰ
ਜ਼ਮੀਨ ਤੋਂ
ਖਿਸਕ ਜਾਣਗੇ
ਤੇ ਤੁਸੀਂ
ਲਟਕ ਜਾਓਗੇ
ਖ਼ਲ਼ਾਅ ਵਿਚ
ਤ੍ਰਿਸ਼ੰਕੂ ਦੀ ਤਰ੍ਹਾਂ
ਬਦਰੂਹਾਂ ਬਣਕੇ।

✵



## ਨਸੀਹਤ

ਆਖਰੀ ਨਸੀਹਤ ਏ
ਮੇਰੀ ਵਸੀਅਤ ਏ
ਕਿ ਗੰਗਾ ਜਲ ਦੀਆਂ
ਕੁਝ ਬੂੰਦਾਂ
ਮੂੰਹ 'ਚ ਪਾਉਣ ਤੋਂ ਪਹਿਲਾਂ
ਪੁਣ ਲੈਣਾ
ਛਾਣ ਲੈਣਾ
ਤੇ ਚੰਗੀ ਤਰ੍ਹਾਂ ਜਾਣ ਲੈਣਾ
ਕਿ ਮੈਂ ਤਕਲੀਫ ਰਹੀ ਏ
ਉਮਰ ਭਰ
ਗੰਧਲੇ ਪਾਣੀਆਂ ਤੋਂ।

✵

## ਮਹਾਤਮਾ

ਹੈ ਉਦਾਸ ਰੰਗਸ਼ਾਲਾ
ਹਰ ਪਿਆਲਾ
ਦੇਵਦਾਸੀ ਨੂੰ ਬੁਲਾ
ਕਈ ਕਈ ਚਿਹਰੇ ਵਟਾ
ਸ਼ਮਾਦਾਨਾਂ ਨੂੰ ਬੁਝਾ
ਮੋਹ ਮਾਇਆ ਖੂੰਜੇ ਲੁਕਾ
ਮਹਾਤਮਾ ਜੀ
ਆਤਮਾ ਨੂੰ ਲੱਭ ਰਹੇ ਨੇ
ਛੱਡ ਗਈ ਜੋ
ਅੱਧ ਵਿਚਾਲੇ
ਨਾਸ਼ਮਾਨ ਸ਼ਰੀਰ ਦੇ
ਪ੍ਰਵਚਨ ਸੁਣਕੇ
ਤਿਤਲੀਆਂ ਜਿਹੇ
ਸੁਪਨੇ ਬੁਣਕੇ !

✵



## ਨਵਰੰਗ

ਦੇਸੀ ਖੇਡਾਂ
ਵਿਦੇਸ਼ੀ ਨ੍ਰਤਕੀਆਂ
ਮੰਤਰੀ ਜੀ
ਆਨੰਦ ਲੈ ਰਹੇ
ਹੂਟਰਾਂ ਦਾ
ਧੰਨਵਾਦ ਕਰ ਰਹੇ
ਵੋਟਰਾਂ ਦਾ
ਬਾਰੰਮਬਾਰ
ਸਪਰਿਵਾਰ !!

✵

## ਵਿਰੋਧ

ਕਾਮਰੇਡ !
ਕਿਉਂ ਕਰਦੇ ਹੋ
ਵਾਅਦਾ ਖ਼ਿਲ਼ਾਫ਼ੀ
ਮਾਰਕਸ ਨਾਲ !

ਸੂਹਾ ਸਲਾਮ ਕਹਿੰਦਿਆਂ
ਉਠਦਿਆਂ ਬਹਿੰਦਿਆਂ
ਲਹੂ ਦੇ ਨਾਲ ਕਣ
ਸਫੈਦ ਕਿਉਂ ਹੋ ਜਾਂਦੇ ਨੇ
ਰਗਾਂ ਵਿਚ ।
ਤੇ ਤੁਸੀਂ ਤੁਰ ਪੈਂਦੇ ਹੋ
ਖ਼ੂਨ ਬਦਲੀ ਕਰਨ !!



## ਤਕਸ਼ਿਲਾ

ਯਾ ਖ਼ੁਦਾ !
ਖੰਡਰ ਢਹਿ ਰਹੇ ਨੇ ਦੁਬਾਰਾ
ਬੁਝ ਰਹੇ ਚਾਨਣ ਮੁਨਾਰੇ
ਸਾਰੇ ਦੇ ਸਾਰੇ
ਮਹਾਂ-ਮੰਦਰ
ਵਿੱਦਿਆ ਦੇ।

ਤੋੜੇ ਜਾ ਰਹੇ ਨੇ
ਬੁੱਧ ਦੇ
ਅਮਨ ਪਸੰਦ ਬੁੱਤ।
ਇਹ ਕੇਹੀ ਰੁੱਤ
ਹਨੇਰ ਸਾਂਈ ਦਾ
ਅੱਜ ਫਿਰ ਕੋਈ
'ਹੁਨਾ' ਆਇਐ
ਤਹਿਸ ਨਹਿਸ ਕਰਨ
ਤਕਸ਼ਿਲਾ ਨੂੰ।

ਮਗਧ ਦਾ
ਸਿੰਘਾਸਨ ਡੋਲਿਐ ਫੇਰ
ਉਹ ਜੁ
ਸ਼ੂਕਦੇ ਆ ਰਹੇ ਨੇ
ਹਨੇਰੇ ਸਵੇਰੇ
ਮੂੰਹ ਛੁਪਾ ਕੇ

ਮੇਟਣ ਲਈ
ਇਲਮ ਦੇ
ਸਾਰੇ ਨਿਸ਼ਾਨ
ਇਹ ਕੇਹੇ ਤਾਲਿਬਾਨ ?
✵



## ਪਦਾਰਥ

ਹਰੀ ਨੇ
ਬੁੱਤ ਵਿੱਚ ਜੋਤ ਧਰੀ
ਸ਼ਾਹਕਾਰ ਬਣਾ ਦਿੱਤਾ !
ਬੁੱਤ ਨੇ ਉਬਾਸੀ ਲਈ
ਪਾਸਾ ਪਰਤਿਆ
ਜੋਤ ਬੁਝਾਈ
ਤੇ ਸੌਂ ਗਿਆ !
✵

## ਚੰਬਾ

ਚਿੜੀਆਂ ਦਾ ਚੰਬਾ
ਫੰਭਾ ਫੰਭਾ ਖੰਭ ਖਿਲਰੇ
ਰੰਗ ਉੱਡੇ
ਗਲੀਂ ਬਜਾਰੀਂ
ਰੁਲੰਦਾ ਨੀ ਮਾਂ।

ਚਿੜੀਆਂ ਦਾ ਚੰਬਾ
ਚੀਂ ਚੀਂ ਨ ਕਰਦਾ
ਚੋਗ ਨ ਚੁਗਦਾ
ਉੱਡਣਾ ਨਾ ਜਾਣੇ
ਨਿਮਾਣੇ ਨਿਤਾਣੇ
ਸਮਿਆਂ 'ਚ ਬੱਝਾ
ਗੁੱਝਾ ਗੁੱਝਾ
ਰੁੱਝਾ ਨੀ ਮਾਂ।

ਚਿੜੀਆਂ ਦਾ ਚੰਬਾ
ਫਿਰ
ਉਡਿਆਂ ਤੇ ਜੁੜਿਆਂ
ਡਾਰਾਂ ਦੀਆਂ ਡਾਰਾਂ
ਖੰਭਾਂ ਦੇ ਤੀਰ
ਤੀਰਾਂ ਦੀਆਂ ਤਾਰਾਂ
ਬਾਜਾਂ ਨੂੰ ਵਿੰਨ੍ਹੇ
ਅੰਗਾਰੇ ਬਰਸਾਉਂਦਾ
ਤਖ਼ਤੇ ਪਲਟਾਉਂਦਾ
ਚਿੜੀਆਂ ਦਾ ਚੰਬਾ
ਆਉਂਦਾ ਨੀ ਮਾਂ
ਗਾਉਂਦਾ ਨੀ ਮਾਂ।

✵



## ਖਾਨਾ ਬਦੋਸ਼

ਹਸੀਨ ਖਾਬਾਂ ਦੀ
ਜ਼ਮੀਨ ਵੱਲ
ਜ਼ਹੀਨ ਕੁੜੀਆਂ
ਪੁੱਟਦੀਆਂ ਨੇ ਪੁਲਾਂਘ
ਤਾਂ ਸ਼ਰਬਤੀ ਨੈਣਾਂ 'ਚ
ਤੈਰਦੇ ਨੇ ਸੁਨਹਿਰੇ ਦਰਿਆ
ਤਾਜ ਮਹੱਲ ਦਾ ਪ੍ਰਛਾਵਾਂ
ਤੇ ਚੰਦਰਮਾ ਨਾਲ ਨਾਲ
ਤੁਰ ਰਿਹਾ ਹੁੰਦੈ !

ਅੱਖ ਖੁੱਲਦੇ
ਸਾਮਣੇ ਵਿਛਿਆਂ ਹੁੰਦਾ
ਰੇਗਿਸਤਾਨ।
ਉਗ ਆਉਂਦੀਆਂ ਨੇ ਥੋਹਰਾਂ
ਮ੍ਰਿਗਤ੍ਰਿਸ਼ਨਾ
ਵਿਸਰ ਜਾਦਾ ਏ
ਮੰਜਲ ਦਾ ਸਿਰਨਾਵਾਂ
ਆਪਣਾ ਹੀ ਪ੍ਰਛਾਵਾਂ
ਤਾਂ ਬਿਨਾਂ ਕਿਸੇ ਦੋਸ਼
ਜ਼ਹੀਨ ਕੁੜੀਆਂ
ਬਣ ਜਾਂਦੀਆਂ ਨੇ ਖ਼ਾਨਾਬਦੋਸ਼!

✵

## ਜਾਇਜ਼

ਜਰੂਰੀ ਹੁੰਦੀ ਏ
ਜੁਲਮ ਵਿਰੁੱਧ ਸ਼ਮਸ਼ੀਰ
ਸਾਜਿਸ਼ ਦੇ ਤੀਰ
ਜੋਸ਼ੀਲੀ ਤਹਿਰੀਰ।

ਜਾਇਜ਼ ਏ ਹੁੰਦੀ
ਗੁਸੈਲੀ ਆਵਾਜ
ਵਾਦ ਵਿਵਾਦ
ਤੇ ਯੁੱਧ ਦਾ ਆਗਾਜ।

ਉਂਝ ਕਦੇ ਕਦੇ
ਤਰਕ ਸੰਗਤ ਗੱਲਬਾਤ
ਬਣਕੇ ਸ਼ਕਤੀ
ਮਿਟਾ ਸਕਦੀ
ਜੁਬਾਨਾਂ ਦਾ ਜ਼ਹਿਰ
ਤੇ
ਅਣਵਰਤਿਆ ਕਹਿਰ!

✵



## ਗੁਲਾਮ

ਮੈਂ ਨਹੀਂ ਭਰਦੀ ਹਾਮੀ
ਗੁਲਾਮੀ ਦੀ
ਤੇ ਨਾ ਹੀ
ਜਰਦੀ ਹਾਂ
ਦੂਜਿਆਂ ਦੀ ਮਨਮਾਨੀ
ਹਾਨੀ ਚਾਹੇ ਕੋਈ ਵੀ
ਹੋ ਜਾਵੇ।

ਤੁਸੀ ਵੀ ਹਰ ਵਾਰ
ਸਹਿਮਤ ਹੁੰਦੇ ਹੋ
ਮੇਰੇ ਨਾਲ।
ਪਰ ਕਮਾਲ?
ਉੱਚਾ ਸਾਹ ਲੈਣ 'ਤੇ
ਆਖਦੇ ਹੋ ਮੈਨੂੰ
ਬਾਗ਼ੀ
ਤੇ ਹਰ ਕੋਸ਼ਿਸ਼ ਕਰਦੇ ਹੋ
ਦਬਾਉਣ ਦੀ
ਗ਼ੁਲਾਮ ਬਲਾਉਣ ਦੀ!

✵

## ਲਾਪਤਾ

ਕੁਝ ਅਦਾਕਾਰ
ਜ਼ਿੰਦਗੀ ਦੀ ਅਦਾਕਾਰੀ ਕਰਦੇ
ਬੀਤ ਗਏ ਨੇ
ਉਮਰ ਖਿਆਮ ਦੇ
ਖਿਆਲਾਂ ਦੀ ਤਰ੍ਹਾਂ
ਉਮਰਾਂ ਦਾ ਹਿਸਾਬ ਮੰਗਦੇ
ਰੋਜ਼ੀ ਰੋਟੀ ਦੇ
ਅਲਜਬਰੇ 'ਚ ਗਵਾਚੇ
ਲਾਪਤਾ ਨੇ ਅਜੇ ਤੱਕ।

✵



## ਮਹਾਂਨਾਦ

ਪਾਣੀਆਂ 'ਤੇ ਨ੍ਰਿਤ ਕਰਦੀ
ਦਰੋਪਤੀ ਦੇ
ਪੈਰਾਂ 'ਚ ਮੰਡਰਾ ਰਿਹੈ
ਕਾਲ ਚੱਕਰ
ਮਹਾਂਨਾਦ
ਥਿਰਕ ਰਿਹਾ ਮਹਾਂਨਾਚ !

ਹੁਣ ਸ਼ਾਇਦ
ਬੀਆ ਬਾਣ ਰਾਹਾਂ 'ਚ
ਫੁੱਲ ਖਿੜਨ
ਠੰਡੇ ਰੱਤ ਦੀ
ਤਾਸੀਰ ਬਦਲ ਜਾਏ
ਵਾਰ ਵਾਰ
ਸਰੇ ਬਜ਼ਾਰ
ਬੇਆਬਰੂ ਹੁੰਦੀ
ਦਰੋਪਦੀ ਦੀ
ਤਕਦੀਰ ਬਦਲ ਜਾਏ !

✵

## ਇਨਕਾਰ

ਨਹੀਂ ਚਾਹੀਦਾ
ਕੋਈ ਅਜਿਹਾ ਕੁਰੂਕਸ਼ੇਤਰ
ਜਿੱਥੇ ਆਤਮਾ ਪਰਮਾਤਮਾ 'ਚ
ਇੱਕ ਨਿਰੰਤਰ ਯੁੱਧ ਹੁੰਦਾ ਏ!
ਤੇ ਆਪਣਿਆਂ ਦੇ ਹੀ
ਵਿਰੁੱਧ ਹੁੰਦਾ ਏ
ਰਾਜੇ ਜਿੱਤ ਜਾਂਦੇ ਨੇ
ਰਾਣੀ ਹਾਰ ਜਾਂਦੀ ਏ
ਸਦੀ ਬੇਕਾਰ ਜਾਂਦੀ ਏ
ਸਾਰੀ ਦੀ ਸਾਰੀ!

✵



## ਰੋਸ

ਚਿਤਕਬਰੇ ਹਿਰਨ ਦੇ
ਦਮ ਨਿਕਲਣ ਦਾ ਗ਼ਮ ਨਹੀਂ
ਹਿਰਖ ਹੈ ਤੇ ਰੋਸ ਹੈ!
ਰੋਸ.............
ਹੱਡੀ ਚੱਬਦਿਆਂ
ਸ਼ਿਕਾਰੀ ਦੇ ਦੰਦ ਭੁਰੇ
ਮਾਸ ਨਾਲੋਂ ਨਹੁੰ ਖੁਰੇ
ਸ਼ਿਕਾਰੀ ਹੁਣ ਖਮੋਸ਼ ਹੈ
ਲੋਕਾਂ ਨੂੰ ਤਾਂ
ਬਸ ਇਹੀ ਅਫ਼ਸੋਸ ਹੈ !

✵

## ਊਂਘਦੇ

ਉਂਘਦੇ ਨੇ ਅੱਖਰ
ਪੰਗੂੜੇ 'ਚ ਪਏ
ਬਾਲ ਦੀ ਤਰ੍ਹਾਂ
ਜਦੋਂ ਵੀ ਤੁਸੀਂ ਛੂੰਹਦੇ ਹੋ
ਝੱਟ ਮੁਸਕਾ ਪੈਂਦੇ ਨੇ
ਤੇ ਲੈ ਤੁਰਦੇ ਨੇ
ਸੈਰਗਾਹਾਂ ਲਈ
ਨਵੇਂ ਰਾਹਾਂ ਲਈ
ਉਡਣ ਖਟੋਲੇ 'ਤੇ ਸਵਾਰ
ਪਰੀ ਲੋਕ ਤੋਂ ਪਾਰ!

ਜਦੋਂ ਹੁੰਦੇ ਹੋ ਉਦਾਸ
ਤੁਹਾਡੇ ਕੋਲ ਆਉਂਦੀ ਏ
ਕਿਤਾਬ
ਦੋਸਤੀ ਦਾ ਹੱਥ
ਵਧਾਉਂਦੀ ਏ ਕਿਤਾਬ।

✵



## ਪਰਿੰਦੇ

ਦੂਰੋਂ ਪਾਰੋਂ
ਆਏ ਪਰਿੰਦੇ
ਬਣ ਪ੍ਰਵਾਸੀ
ਖੰਭ ਭਾਰੀ
ਮਨ ਵਿਚ ਉਦਾਸੀ।
ਕੁਹੂ ਕੁਹੂ
ਕਹੇ ਕੋਇਲ
ਇਕ ਧਰਤੀ
ਇਕ ਆਕਾਸ਼
ਰੂਹਾਂ 'ਤੇ ਬੰਧਨ ਨਹੀਂ ਜਦ
ਜੂਹਾਂ ਦਾ ਕੈਸਾ ਪ੍ਰਵਾਸ?

✵

## ਮੀਲ ਪੱਥਰ

ਘੋੜਿਆਂ ਦੀਆਂ ਟਾਪਾਂ ਨੂੰ
ਪਛਾਣਦੇ ਨੇ ਮੀਲ ਪੱਥਰ
ਦੱਸਦੇ ਨੇ ਹਾਰ ਦਸੇਰੇ
ਪੰਧ ਲੰਮੇਰੇ
ਹੋਣ ਬਿਖੜੇ ਪੈਂਡਿਆਂ ਦੇ।

ਕਾਫ਼ਲੇ ਬਸ ਤੁਰੀ ਜਾਵਣ
ਮੁੜੀ ਜਾਵਣ
ਰਾਹਾਂ ਦੇ ਵਿਚ ਛੱਡ ਜਾਂਦੇ
ਕੁਝ ਨਿਸ਼ਾਨ
ਜਾਨਸ਼ੀਨ
ਬੇਜਮੀਨ
ਮੀਲ ਪੱਥਰ
ਤੱਕਦੇ ਨੇ
ਹਾਰੇ ਰਾਹੀ
ਹਿੰਮਤ ਅਤੇ ਹੌਸਲੇ ਦੇ
ਟੁਟ ਜਾਂਦੇ ਹੱਦ ਬੰਨੇ
ਤਾਂ ਕਿਧਰੇ ਲਿਖੇ ਜਾਂਦੇ
ਬੂੰਦ ਬੂੰਦ ਰਕਤ ਨਾਲ
ਸ਼ਹਾਦਤਾਂ ਦੇ
ਤਲਖ਼ ਪੰਨੇ।

✵



## ਅਤਿਵਾਦ

ਜਬਰ ਜ਼ੁਲਮ
ਪਿੰਡਿਆਂ 'ਤੇ ਲਾਸਾਂ
ਰੂਹਾਂ 'ਤੇ ਜ਼ਖ਼ਮ
ਢਿਲਕੇ ਡੌਲੇ
ਆਸ਼ਾ ਨਿਰਾਸ਼ਾ
ਮੰਜਲ ਦੂਰ
ਬੇਕਸੂਰ
ਸ਼ਾਇਦ ਅਤਿਵਾਦ....
ਸ਼ੁਰੂ ਹੋਇਗਾ ਜਰੂਰ।

✵

## ਵਿਦਾਈ

ਧੀ ਦੀ ਵਿਦਾਈ ਵੇਲੇ
ਪੁਰਾਣੀ ਫੱਟੀ ਪੋਚ
ਨਵੇਂ ਸਿਰਿਉਂ ਪਾਏ ਜਾਂਦੇ ਨੇ
ਪੂਰਨੇ!

ਆਪਣੇ ਪਰਾਏ
ਸਾਰੇ ਹਮਸਾਏ
ਤੁਰ ਜਾਂਦੇ ਨੇ
ਕਰ ਹਦਾਇਤ
ਸਿਰ 'ਤੇ ਹੱਥ ਫੇਰ
ਕੁਝ ਕੁ ਹੰਝੂ ਕੇਰ!
ਧੀ ਫਿਰ ਪੱਲੇ ਬੰਨ
ਕਰ ਇਬਾਦਤ
ਟੋਬਾ ਟੋਬਾ ਯਾਦਾਂ ਦੀ
ਸਿਆਹੀ ਨਾਲ
ਲਿਖਦੀ ਰਹਿੰਦੀ ਏ
ਜ਼ਿੰਦਗੀ ਦੀ ਇਬਾਰਤ!

✵



## ਆਲ੍ਹਣਾ

ਮੌਸਮ ਬਦਲੇ
ਗੁਬਾਰ ਚੜ੍ਹਿਆ
ਹਨੇਰੀ ਆਈ
ਝੱਖੜ ਲਿਆਈ
ਰੀਝਾਂ ਸੰਗ ਬੁਣਿਆ
ਪ੍ਰੀਤਾਂ ਦਾ ਆਲ੍ਹਣਾ
ਤੀਲ੍ਹਾ ਤੀਲ੍ਹਾ ਖਿਲਰਿਆ।

ਬੇਬਸੀ ਦੇ ਬੋਟ ਸਹਿਮੇ
ਪੰਖ ਕੋਮਲ
ਅੰਬਰ ਤੱਕਿਆ
ਧਰਤ ਤੇ ਨਿਗਾਹ ਮਾਰੀ
ਦੋਵੇਂ ਪਰਾਏ
ਰਾਸ ਨਾ ਆਏ।

ਕਾਸ਼!
ਇਹ ਆਲ੍ਹਣਾ
ਬੁਣਿਆ ਹੁੰਦਾ
ਕਿਰਨਾਂ ਦੇ ਸੰਗ
ਤਣਿਆ ਰਹਿੰਦਾ ਜੋ ਉਚੇਰਾ
ਸਤਰੰਗੀ ਪੀਂਘ ਵਾਂਗ
ਝੱਖੜਾਂ ਵਿੱਚ!

✵

## ਮਹਾਂਨਗਰ

ਮਹਾਂਨਗਰ ਦੇ ਦੋ ਰੂਪ
ਉੱਚੇ ਭਵਨ ਅਪਾਰ
ਬੇਸ਼ੁਮਾਰ
ਦੂਜੇ ਪਾਸੇ
ਤਲਖ਼ ਜੀਵਨ ਦਾ ਸਫਰ
ਕਿੰਨਾਂ ਭਿਆਨਕ ਸ਼ਰਮਸਾਰ
ਇਸ ਸਫਰ ਵਿਚ
ਖੁਸ਼ਬੋਆਂ ਦੇ
ਗੀਤ ਗਾਉਣੇ ਨੇ ਬੇਕਾਰ
ਰੌਸ਼ਨੀ  ਦੀ ਬਾਤ ਪਾਉਣੀ
ਮਹਾਂ ਪਾਪ
ਕਿ ਸੰਤਾਪ ਚਿਹਰਿਆਂ
'ਤੇ ਫੈਲਿਆਂ।
ਪੰਛੀ ਝਾਤ ਮਾਰ ਕੇ ਫੇਰ
ਚਲੇ ਜਾਵੀਂ ਦੂਰ ਕਿਧਰੇ
ਜ਼ਹਿਰ  ਜਿਹੀਆਂ
ਬਸਤੀਆਂ ਤੋਂ ਬਹੁਤ ਦੂਰ
ਜਨ-ਗਨ-ਮਨ ਦਾ ਗੀਤ
ਨਾ ਕੰਨੀ ਪਵੇ
ਲਗਾਤਾਰ
ਬਾਦਸਤੂਰ - ਬਾਦਸਤੂਰ!!

## ਆਧਾਰ



ਮੂਸਲਾਧਾਰ ਮੀਂਹ ਪਿੱਛੋਂ
ਧੁੱਪ ਨਿਕਲੀ
ਸਤਰੰਗੀ ਪੀਂਘ ਦੇ
ਆਸਾਰ ਨੇ
ਸੱਤੇ ਰੰਗ
ਜੀਵਨ ਦੇ ਆਧਾਰ ਨੇ ।

✵

## ਬਾਲੋ ਦੀਵੜੇ

ਹਾੜ੍ਹਾ ਕਿ ਬਾਲੋ ਦੀਵੜੇ
ਹਾੜ੍ਹਾ ਕਰੋ ਕਿ ਕੁਝ ਲੋਅ ਵੇ
ਹਾੜ੍ਹਾ ਇਹ ਰਾਤਾਂ ਡਾਢੀਆਂ
ਜਿੰਨਾਂ ਸੂਰਜ ਲਿਆ ਲੁਕੋ ਵੇ।

ਕਾਲੀ ਇਹ ਰਾਤ ਪਲਮਦੀ
ਕਾਲੇ  ਦਿਨਾਂ ਨੂੰ ਜਨਮਦੀ
ਚਿੱਟਿਆਂ ਨੂੰ ਕਾਲੇ ਕਰ ਰਹੀ
ਦਿਹੁੰ ਕਾਲੇ ਜਾਵਣ ਹੋ ਵੇ।

ਕੁਝ ਲਾਸ਼ਾਂ ਬਣ ਕੰਬਦੇ
ਕੁਝ ਬਣ ਕੇ ਪਿੰਜਰ ਕੜਕਦੇ
ਹਾੜ੍ਹਾ ਇਹ ਜਿੰਦਾਂ ਰੁਲਦੀਆਂ
ਇਹ ਕਾਹਦੀ ਫੈਲੀ ਬੋਅ ਵੇ।

ਤੱਕੋ ਖਾਂ ਇਹਦੇ ਰੰਗ ਨੂੰ
ਪਰਖੋ ਤਾਂ ਇਹਦੀ ਤਰਲਤਾ
ਜੇ ਮੁੜ੍ਹਕਿਆਂ 'ਤੇ ਸ਼ੱਕ ਹੈ
ਤਾਂ ਰੱਤ ਰਹੀ ਹੁਣ ਚੋਅ ਵੇ।

ਆਖਰ ਤਾਂ ਸੂਰਜ ਚੜ੍ਹੇਗਾ
ਰਾਤਾਂ ਨੂੰ ਰੋਸ਼ਨ ਕਰੇਗਾ
ਤਾਂ ਕੀ ਜੇ ਜ਼ਾਲਿਮ ਰਾਤ ਇਹ
ਗਈ ਪਲ ਦੀ ਪਲ ਖਲੋ ਵੇ।



## ਹਾਦਸੇ

ਸੌਰ ਮੰਡਲ 'ਚ
ਅਕਸਰ ਟੁੱਟਦੇ ਨੇ
ਅਨੇਕਾਂ ਤਾਰੇ
ਸਿਤਾਰੇ ਖਿੰਡਦੇ
ਅਕਾਸ਼ੀ ਪਿੰਡ ਫੈਲਦੇ
ਖ਼ਲਾਅ ਵਿਚ ਧਮਾਕੇ ਹੁੰਦੇ
ਨਵੇਂ ਗ੍ਰਹਿ ਉਪਜਦੇ
ਬ੍ਰਹਿਮੰਡ ਸਿਰਜਦੇ
ਹਾਦਸੇ ਇੰਝ ਹੀ
ਵਾਪਰਦੇ ਨੇ ਅਕਸਰ
ਇਨਕਲਾਬਾਂ ਦੀ ਤਰਾਂ
ਫਿਰ ਕੋਈ
ਬੋਦੀ ਵਾਲਾ ਤਾਰਾ
ਜਨਮ ਲੈਂਦਾ!

✵

## ਨਦੀ ਬਣੀਏ

ਸਰਦ ਮੌਸਮ ਜਿੰਦਗੀ ਦੇ
ਉਦਾਸੀਆਂ ਦੀ ਧੁੰਦ ਛਾਈ
ਹਾਦਸਿਆਂ ਦੀ ਪੰਡ ਲੈ ਕੇ
ਸਮਿਆਂ ਦੀ ਕੋਈ ਜਾਦੂਗਰਨੀ
ਪੋਲੇ ਪੋਲੇ ਪੈਰ ਆਈ
ਠੰਡੀ ਯਖ਼ ਰੂਹ ਦੇ ਵਿਹੜੇ
ਆ ਖਿਲਰੇ ਸੀਤ ਹੌਕੇ
ਯਾਦਾਂ ਤੇ ਅਡੰਬਰਾਂ ਦੀ
ਛੜ ਹਿਲਾਈ।
ਬਰਫ ਬਣਕੇ ਜੰਮ ਗਿਆ
ਹੌਂਸਲੇ ਦਾ ਹਰ ਸਮੁੰਦਰ
ਮਨ ਗਲੇਸ਼ੀਅਰ ਸਰਕ ਜਾਂਦਾ
ਹੱਥ ਸੁੰਨੇ
ਕੱਕਰਾਂ ਨੇ ਢੱਕ ਲਈਆਂ ਨੇ ਲਕੀਰਾਂ
ਸਭ ਤਕਦੀਰਾਂ
ਠੰਡ ਨਾਲ ਜਕੜੀਆਂ

ਤੋੜ ਕੇ ਸਾਰੇ ਤਲਿਸਮ
ਚੇਤਨਾ ਦੀ ਚਿਣਗ ਸੁਲਗੀ
ਪਰਬਤਾਂ 'ਤੇ
ਜੰਮੇ ਰਹਿਣ ਦੀ ਬਜਾਇ
ਪਿਘਲੀਏ
ਆ ਇਕੇਰਾਂ
ਨਦੀ ਬਣਕੇ ਨਿਕਲੀਏ।



## ਫਿਕਰ

ਰੁੱਤਾਂ ਦਾ ਦੇਵਤਾ
ਜਿਊਸ
ਜਾਗ ਰਿਹਾ ਏ
ਅੱਧੀ ਰਾਤ ਤੱਕ
ਫਿਕਰਾਂ 'ਚ ਏ ਯੂਪੀਟਰ
ਹੋਵੇ ਖ਼ੈਰ
ਬੰਦੇ ਨੇ ਕੈਲੰਡਰ ਹੀ
ਬਦਲ ਦਿਤੇ ਨੇ
ਉਹਨਾਂ ਨੂੰ ਪੁੱਛੇ ਬਗੈਰ ।

✵

## ਨਾਗਮਣੀ

........ ਕਹਿਰ, ਕਹਿਰ!
ਸੱਪ ਦੇ ਸਿਰੋਂ
ਕੌਡੀ ਲਾਹੁਣ ਵਾਲੇ ਦੇ
ਪੋਟਿਆ ਦਾ ਜ਼ਹਿਰ
ਸਿਰ ਨੂੰ ਚੜ੍ਹ ਗਿਆ ਏ!

........ਘਬਰਾਉ ਨਾ
ਫਿਰਕ ਨਾ ਕਰੋ
ਨਾਗਮਣੀ ਹੁਣ
ਸ਼ਾਹੂਕਾਰ ਦੇ
ਲਾਕਰ 'ਚ ਮਹਿਫੂਜ਼ ਏ!

✵



## ਅੰਦਾਜਾ

ਮਲਾਹਾਂ ਨੂੰ ਕਹੋ
ਗੁੰਮਸੁੰਮ ਮੌਸਮ ਵੇਖ
ਬਾਦਬਾਨਾਂ ਪਿੱਛੇ
ਗੁਮਰਾਹ ਨ ਹੋਵੋ।
ਬੇੜੀਆਂ ਠੇਲ੍ਹੋ
ਤੇ ਪੱਤਣਾਂ ਦੀ
ਗੁੰਮਸ਼ੁਦਗੀ ਬਾਰੇ
ਰਿਪੋਰਟ ਕਰੋ ਫੌਰਨ!

✵

## ਫ਼ਰਕ

ਚੰਦਰਮੁਖੀ ਉਠੀ
ਲੀਨ ਹੋ ਗਈ
ਗਮਗੀਨ ਹੋ ਗਈ।

ਹੇ ਦੇਵ!
ਮੈਨੂੰ ਭਰਮਸਾਂ 'ਚੋਂ ਕੱਢੋ।

ਪਰ
ਮੇਰੇ ਪੁਜਾਰੀਆਂ ਨੂੰ
ਮੇਰੇ ਭਰਮਾਂ ਵਿਚ
ਛੱਡੋ।
ਜੀਣ ਮਰਨ ਲਈ।



## ਬੁੱਧ

ਚਾਨਣ ਦਾ ਚੁੱਕੀ ਕਟੋਰਾ
ਬੁੱਧ ਦੇਵ ਚਲ ਪਿਆ
ਦਰਸ਼ਨ ਦੀ ਮਾਲਾ ਫੇਰਦਾ
ਗਿਆਨ ਮੀਮਾਂਸਾ ਵੰਡਦਾ
ਅਸ਼ੋਕ ਕੋਲੋਂ ਲੰਘਦਾ
ਪਿਛੇ ਪਿਛੇ ਕੋਰੀਆ
ਜਾਪਾਨ ਨੇ
ਝੁਕ ਰਹੇ
ਅਸਮਾਨ ਨੇ
ਵਧ ਰਹੇ ਨੇ ਕਾਫਲੇ
ਫੈਲਦੇ ਨੇ ਸਿਲਸਿਲੇ
ਜਨ ਜਨ
ਅੰਤਰ ਧਿਆਨ ਨੇ।

ਬੁੱਧ ਪਰਤ ਵੇਖਦਾ ਏ
ਪੂਰਬ ਦੀ ਧਰਤ ਵੱਲ

ਚਾਨਣ ਦੇ
ਛਿੱਟਿਆਂ ਤੋਂ ਡਰਦੇ
ਲੋਕ ਹਰੇ ਹਰੇ ਕਰਦੇ
ਕੁੰਦਰਾਂ ਵਿਚ ਲੁਕ ਰਹੇ ਨੇ
ਛੁਪ ਰਹੇ ਨੇ।

## ਮਲਹਾਰ

ਉਮੜ ਉਮੜ ਮੇਘ ਆਏ
ਰਾਗ ਜਿਉਂ ਮਲਹਾਰ ਗਾਏ
ਬਾਵਰੀ ਬ੍ਰਿਹਣ ਕੋਈ।

ਕਾਲੇ ਘਣੇ ਕੇਸ ਖੋਹਲੇ
ਤ੍ਰਿਪ ਤ੍ਰਿਪ ਨੈਣੋਂ ਨੀਰ ਡੋਹਲੇ
ਦਿਲ ਦਾ ਸਾਗਰ ਡੱਕੇ ਡੋਲੇ
ਤੁਰ ਗਿਆ ਕੋਈ ਉਹਲੇ ਉਹਲੇ।

ਬ੍ਰਿਖ ਟੁੱਟਣ ਟਹਿਣ ਟਹਿਣ
ਢਾਰਿਆਂ ਦੇ ਸੁਆਸ ਸੁਆਸ
ਆਸ ਬਣਕੇ ਸਵਾਂਤ-ਬੂੰਦ
ਡਿਗ ਰਹੀ ਏ ਬੱਦਲੀਆਂ 'ਚੋਂ
ਝਾਕਦੀ ਏ ਬਿਜਲੀਆਂ 'ਚੋਂ
ਘੁੰਮਦੀ ਚੰਨ ਦੇ ਦੁਆਲੇ
ਮੀਢੀਆਂ ਤੇ ਡਾਕ ਬੰਗਲੇ
ਆਲੇ ਆਲੇ ਦੀਪ ਬਾਲੇ
ਗੁੰਬਦ ਗੁੰਬਦ ਸੁਰਬਹਾਰ
ਦੱਬੇ ਦੱਬੇ ਪੈਰ ਆਵੇ
ਰਾਗ ਕੋਈ ਦੀਪਕ ਸੁਣਾਵੇ
ਵਸਲ ਦਾ ਕਰਕੇ ਸ਼ਿੰਗਾਰ
ਮੇਘਲਾ ਤੂੰ ਇੰਝ ਬਰਸੀਂ
ਏਸ ਵਾਰ।

✵



## ਮਿਸਾਲ

ਹਰਫਾਂ ਨੇ ਸੁਨੇਹਾ ਦਿੱਤਾ
ਰੌਸ਼ਨੀ ਦੇ ਨਾਲ ਨਾਲ
ਅਗਨ ਜ਼ਰੂਰੀ ਏ
ਜਿੰਦਾ ਰਹਿਣ ਲਈ।

ਸੁਣਦੇ ਸਾਰ
ਇਹ ਵਿਚਾਰ
ਕਲਮ ਤਣ ਗਈ
ਮਸ਼ਾਲ ਬਣ ਗਈ ।

✵

## ਅਬਾਬੀਲਾਂ

ਝੀਲਾਂ ਦੇ ਕੰਢਿਆਂ ਤੋਂ
ਪਰਵਾਜ਼ ਭਰ
ਸਾਰਾ ਅਸਮਾਨ ਮੱਲ ਰਹੀਆਂ ਨੇ
ਅਬਾਬੀਲਾਂ!

ਸ਼ਰਦਈ ਬਲੰਬਰੀ ਆਂਡਿਆਂ 'ਤੇ
ਮੋਰ ਦੇ ਖੰਭਾਂ ਦਾ
ਲੇਬਲ ਲਗਾ
ਚੁੰਝਾਂ 'ਚ ਨਸ਼ਤਰ ਛੁਪਾ
ਫਸਲੀ ਬਟੇਰਿਆਂ ਤੋਂ
ਬਹੁਤ ਕੁਝ ਸਿੱਖ ਗਈਆਂ ਨੇ
ਅਬਾਬੀਲਾਂ!

✵



## ਤਲਾਸ਼

ਜਹਾਜ਼ਰਾਨੀ ਕਰਦਿਆਂ
ਹਰੇ ਸਮੁੰਦਰ
ਨੀਲੇ ਪਾਣੀ ਤਰਦਿਆਂ
ਨਵੇਂ ਨਵੇਕਲੇ ਟਾਪੂ ਲੱਭਦਿਆਂ
ਸੌਦਾਗਰਾਂ ਨੂੰ ਠੱਗਦਿਆਂ
ਕੋਲੰਬਸ ਜੇਕਰ
ਜੰਗਲ ਤਲਾਸ਼ ਲੈਂਦਾ
ਸੱਚ ਤੇ ਕੁਦਰਤ ਦੇ
ਨਕਸ਼ ਤਰਾਸ਼ ਲੈਂਦਾ
ਬਦਲੋਟੀਆਂ ਨੂੰ ਪਰ੍ਹ ਕਰ
ਖਜੂਰਾਂ ਦੇ ਰੁੱਖ ਲਗਾ
ਮਹਿਕਾਂ ਦਾ ਮਿਜ਼ਾਜ਼ ਘੜਦਾ
ਅਗਲੇ ਸਫ਼ਰ 'ਤੇ
ਰਵਾਨਾ ਹੁੰਦਾ
ਪੈਰਾਂ ਦੀ ਅਵਾਰਗੀ ਲਈ
ਚੱਲਦਾ ਰਹਿੰਦਾ
ਓਧਰ ਸੁੱਖੀ ਸਾਂਦੀ
ਖ਼ਿਜ਼ਰ ਖ਼ੁਆਜ਼ ਦੀ ਦਰਗਾਹੇ
ਚਿਰਾਗ ਬਲਦਾ ਰਹਿੰਦਾ!!

✵

## ਗੁਲ਼ਮੋਹਰ

ਹੁਣ ਦੁਬਾਰਾ
ਜਦੋਂ ਵੀ ਮਿਲੋ
ਖਿੜਖਿੜਾ ਕੇ ਹੱਸਣਾ ਦੱਸਣਾ
ਤੇ ਦੱਸਣਾ
ਕਿ ਤੁਸੀਂ ਵੀ
ਗੁਲਮੋਹਰ ਦੇ ਫੁੱਲਾਂ ਵਾਂਗ
ਮਨ ਦੀਆਂ
ਪਤਝੜਾਂ ਤੋਂ ਬਾਹਰ ਹੋ!

✵



## ਇਤਿਹਾਸ

ਡਰ ਝੂਠ ਲਾਲਚ
ਤੇ ਮਿਥਹਾਸ ਦੀ
ਬੁਨਿਆਦ 'ਤੇ ਲਿਖਿਆ
ਇਤਿਹਾਸ......
ਬੇਬੁਨਿਆਦ ਹੁੰਦਾ ਏ।

ਜੋ ਨਿਗਲ ਜਾਂਦਾ ਏ
ਪੀੜ੍ਹੀਆਂ ਦੀ ਵਿਰਾਸਤ
ਤੇ ਸਦੀਆਂ ਨੂੰ
ਗੁਲਾਮ ਕਰ
ਵਰ ਕੇ ਸਿਆਹ ਜਾਂਦਾ ਏ
ਤੇ ਸਦਾ ਸਦਾ ਲਈ
ਗੁੰਮਰਾਹ ਕਰ ਜਾਂਦਾ ਏ।

✵

## ਸਾਜਿਸ਼

ਨਾਵਾਂ, ਥਾਵਾਂ ਤੇ ਗਿਰਾਵਾਂ ਨੂੰ
ਕਬਜੇ 'ਚ ਲੈ
ਹਵਾਵਾਂ ਦੀ ਸਾਜ਼ਿਸ਼ ਏ
ਕਿ ਕਦਰਾਂ ਕੀਮਤਾਂ ਨੂੰ
ਦਫਨਾ ਕੇ
ਸਬੂਤ ਸਮੇਤ ਮਿਟਾ ਦਿਓ
ਤਾਂ ਕਿ ਦੇਰ ਤੱਕ
ਤਫ਼ਤੀਸ਼ ਚੱਲਦੀ ਰਹੇ
ਜਦੋਂ ਤੱਕ ....
ਪਾਣੀ 'ਤੇ ਅੱਗ ਬਲਦੀ ਰਹੇ।

✵



## ਪਨਾਹ.ਗੀਰ

ਸਿਰ ਝੁਕਾਈ
ਖੜ੍ਹੇ ਹੋ
ਮਾਯੂਸ ਬੜੇ ਹੋ
ਰਾਹਗੀਰੋ
ਤੁਹਾਡਾ ਤਾਂ ਇਹ
ਅੰਦਾਜ ਪੁਰਾਣਾ ਏ।
ਦਿਲਗੀਰੋ
ਮੇਰਾ ਰਸਤਾ ਛੱਡੋ
ਮੈਂ ਤਾਂ ਬਹੁਤ
ਦੂਰ ਜਾਣਾ ਏ।

✵

## ਪ੍ਣਾਮ

ਸ਼ਹੀਦਾਂ ਨੂੰ
ਪ੍ਣਾਮ ਕਰਦਿਆਂ
ਹੈਰਾਨ ਹਾਂ।
ਨਾਦਾਨ ਕਿਉਂ
ਮਰ ਮਿਟੇ
ਉਹਨਾਂ ਲਈ
ਜੋ ਉਦੋਂ ਵੀ
ਸੁੱਤੇ ਸਨ
ਤੇ ਹੁਣ ਤੱਕ
ਬੇਹੋਸ਼ ਪਏ ਨੇ।

✵



## ਜਾਇਜ ਨਹੀਂ

ਜਰੂਰੀ ਨਹੀਂ ਹੁੰਦੀ
ਜੁਲਮ ਵਿਰੁੱਧ
ਜੁਝਾਰੂ ਸਮਸ਼ੀਰ
ਸਾਜਿਸ਼ ਦੇ ਤੀਰ
ਤੇ
ਜੋਸ਼ੀਲੀ ਤਹਿਰੀਰ!
ਜਾਇਜ ਨਹੀਂ ਹੁੰਦੀ
ਗੁਸੈਲੀ ਆਵਾਜ
ਵਾਦ-ਵਿਵਾਦ
ਜਾਂ
ਯੁੱਧ ਦਾ ਆਗਾਜ਼!
ਤਰਕ ਸੰਗਤ ਗੱਲਬਾਤ
ਬਣਕੇ ਸ਼ਕਤੀ
ਮਿਟਾ ਸਕਦੀ ਹੈ
ਜੁਬਾਨਾਂ ਦਾ, ਜ਼ਹਿਰ
ਤੇ
ਅਣਵਰਤਿਆ ਕਹਿਰ!

✵

## ਤਰਕ

ਅਰਸਤੂ ਦਾ ਲੌਜਿਕ
ਨੀਤੀ ਸ਼ਾਸਤਰ
ਧਰਮਾਂ ਦੇ ਕੁਹਰੇ ਹੇਠ
ਦੱਬ ਕੇ
ਹੋ ਜਾਂਦਾ ਬੇਕਾਰ।
ਭਟਕਦੀ ਏ ਰੂਹ
ਬੇਜ਼ਾਰ
.....ਫਿਰ ਤੁਸੀ
ਐਧਰ-ਓਧਰ
ਹੱਥ ਮਾਰਦੇ
ਫਿਰਦੇ ਹੋ ਲਾਚਾਰ
ਐਥਿਕਸ
ਤੇ ਗਿਆਨ ਦੀ ਡੱਬੀ
ਕਿੱਥੇ ਰੱਖ ਬਹਿੰਦੇ
ਓ ਯਾਰ
ਵਾਰ-ਵਾਰ!

✵



## ਤਮਾਸ਼ਾ

ਦੂਜਿਆਂ ਦੇ ਇਖ਼ਲਾਕ ਦਾ
ਤਰਜਮਾ ਕਰਦੇ
ਲੋਕ ਅਕਸਰ
ਭੁੱਲ ਜਾਂਦੇ ਨੇ ਈਮਾਨ!
ਬਣ ਸ਼ੈਤਾਨ
ਘੜ ਲੈਂਦੇ
ਨਵੇਂ ਵਾਕ ਬੇ-ਅਰਥ
ਹਰਫ-ਹਰਫ ਨਾ-ਪਾਕ।
ਖੂਨ ਨਾਲ
ਲਿਖ ਦੇਂਦੇ
ਕੋਈ ਸਟੀਕ।
ਸੱਚ ਅਹਿੰਸਾ
ਸ਼ਬਦਾਂ ਵਿਚ
ਮੱਚ ਜਾਂਦਾ ਕੋਹਰਾਮ
ਅਨਹਦ ਨਾਦ
ਹਰ ਆਵਾਜ਼ ਬਦਲ ਜਾਂਦੀ
ਕੁਰਲਾਹਟਾਂ ਵਿੱਚ
ਮੁਕ ਜਾਂਦੀ ਹਰ ਉਡੀਕ!
ਇੰਜ ਤਮਾਸ਼ਾ
ਚਲਦਾ ਰਹਿੰਦਾ ਸਦੀਆਂ ਤੀਕ!!

✵

## ਮੁਹਾਰਤ

ਤੁਸੀਂ ਜਦ ਤੱਕ
ਜੰਜ਼ੀਰਾਂ ਸੁੱਟੋਗੇ
ਅਸੀਂ
ਹਥਿਆਰ ਬਣਾਉਣ ਵਿੱਚ
ਮਾਹਿਰ ਹੋ ਜਾਵਾਂਗੇ!



## ਅਰਦਾਸ

ਹੇ ਕਾਲੀਦਾਸ
ਹੈ ਆਸ
ਕਿ ਇਕ ਵਾਰ
ਛੂਹ ਲੈਣ ਦਿਓ
ਆਪਣੀ ਅਦ੍ਰਿਸ਼ ਕਲਮ!

ਲਿਖਦੀ ਜੋ
ਤਾਰਿਆਂ ਨੂੰ ਚਮਕਦਾਰ
ਚਮਤਕਾਰ ਕਰ
ਹਨੇਰੇ 'ਚ ਵਾਹ ਦੇਂਦੀ
ਫੁਲਝੜੀ ਵਰਗੀ ਲੀਕ
ਫਿਰ ਠੀਕ ਨਾਟਾਂ 'ਚ
ਨਟ ਜਾਗਦੇ ਰਾਤ ਭਰ
ਮੁੰਦਰੀ ਲੱਭਦੇ
ਤੇ ਸ਼ਕੁੰਤਲਾ
ਜਿੰਦਾ ਹੋ ਜਾਂਦੀ!!

## ਬਖ਼ਸ਼ ਦੇ

ਓ ਖ਼ੁਦਾ ! ਓ ਨਾਖ਼ੁਦਾ
ਇਕ ਨੂਰ ਤੇ ਸਰੂਰ
ਹੁਣ ਤਾਂ ਬਖ਼ਸ਼ ਦੇ।

ਪੁਤਲਿਆਂ ਲਈ ਇਕ ਮਿੱਟੀ
ਦੇ ਕੋਈ ਆਬੇ-ਹਯਾਤ
ਮਨ ਸੁਨਹਿਰੇ ਵਰਕ ਉੱਤੇ
ਲਿਖ ਅਲੌਕਿਕ ਕਾਇਨਾਤ
ਸ਼ਬਦ-ਰਸ ਦੇ ਵਾਸਤੇ
ਅੱਖਰ ਸਿਆਹੀ ਆਸ ਦੇ
ਅੰਗੂਰ ਹੁਣ ਤਾਂ ਬਖ਼ਸ਼ ਦੇ।

ਝਰਨਿਆਂ ਜਿਹੇ ਗੀਤ ਦੇ
ਗਜ਼ਲ ਲਈ ਸੰਗੀਤ ਦੇ
ਪਵਨ-ਪੁੱਤਰੀ ਪਰਬਤਾਂ ਤੋਂ
ਨੀਰ ਹੁਣ ਤਾਂ ਦੇ ਜ਼ਰਾ
ਜ਼ਹਿਰ ਤੋਂ ਅੰਮ੍ਰਿਤ ਬਣੇ
ਤਹਿਰੀਰ ਹੁਣ ਤਾਂ ਦੇ ਜ਼ਰਾ
ਓਰਵੇਲਾ ਜਾਂ ਮੌਲਸਰੀ
ਕੋਹਿਤੂਰ ਹੁਣ ਤਾਂ ਬਖ਼ਸ਼ ਦੇ।
ਸਾਗ਼ਰਾਂ ਨੂੰ ਰਿਜ਼ਕ ਕੇ
ਬੁੱਤਾਂ ਦੇ ਹਿਰਦੇ ਵਾਸਤੇ
ਕਵਿਤਾ ਦਾ ਮੋਤੀ ਮੰਗਦੀ
ਕੋਹਿਨੂਰ।
ਐ ਹਜ਼ੂਰ।
ਇਹ ਜ਼ਰੂਰ
ਹੁਣ ਤਾਂ ਬਖਸ਼ ਦੇ।



## ਕਵਿਤਾ ਕਹਾਂਗੀ

ਜਿਉਂ ਤਾਰਿਆਂ ਦੀ ਭਰ ਝੋਲ
ਆ ਰਾਤ ਬਹੇਗੀ ਕੋਲ
ਤੇ ਚੰਨ ਕਹੇਗਾ ਬੋਲ
ਮੈਂ ਕਵਿਤਾ ਕਹਾਂਗੀ।

ਆਹਾਂ ਸੰਗ ਆਸ ਪਰੋਤੀ
ਬਣ ਕਤਰਾ ਕਤਰਾ ਮੋਤੀ
ਜਗੇਗੀ ਜਗਮਗ ਜੋਤੀ
ਮੈਂ ਕਵਿਤਾ ਕਹਾਂਗੀ।

ਉਮਰਾਂ ਦੀ ਸ਼ਿਖ਼ਰ ਦੁਪਿਹਰ
ਜੇ ਹੁਸਨਾਂ ਦਾ ਕੋਈ ਕਹਿਰ
ਜਾਂ ਇਸ਼ਕ ਕਹੇਗਾ ਠਹਿਰ
ਮੈਂ ਕਵਿਤਾ ਕਹਾਂਗੀ।

ਚੱਕ ਚਰਖਾ ਘੂਕਰ ਪਾਵੇ
ਜੋਗੀ ਉਤਰ ਪਹਾੜੋਂ ਆਵੇ
ਕੋਈ ਰਾਂਝਣ ਮੋੜ ਲਿਆਵੇ
ਮੈਂ ਕਵਿਤਾ ਕਹਾਂਗੀ।

✵

## ਕਵਿਤਾ

ਮੇਰਾ ਹਰ ਸ਼ਬਦ ਕਵਿਤਾ ਹੈ
ਸਮੁੰਦਰ ਮੇਰੀ ਸਿਆਹੀ ਏ
ਤੇ ਅੰਬਰ ਮੇਰਾ ਵਰਕਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ।

ਜਦੋਂ ਤੋਂ ਝੀਲ ਨੀਲੀ ਨੇ
ਬਲੌਰੀ ਅੱਖ ਖੋਲ੍ਹੀ ਹੈ
ਸੁਨਹਿਰੇ ਪਾਣੀਆਂ ਉੱਤੇ
ਸਮੇਂ ਦੀ ਕਿਸ਼ਤੀ ਡੋਲੀ ਹੈ
ਲਹਿਰ ਲਹਿਰਾ ਕੇ ਗਾਉਂਦੀ ਏ
ਮਨਾਂ ਵਿੱਚ ਆਸ ਉਗਦੀ ਏ
ਤੇ ਦਿਲ ਦਾ ਕਮਲ ਖਿੜਦਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ।

ਧਰੂ ਤਾਰੇ ਦੀ ਮਿੱਠੀ ਲੋਅ
ਸੁਪਨਾ ਬਣ ਕੇ ਚੱਲਦੀ ਏ
ਸਾਰਾ ਅਕਾਸ਼ ਮੱਲਦੀ ਏ
ਰੂਹ ਰੰਗਾਂ 'ਚ ਰਲਦੀ ਹੈ
ਜੋ ਸੁਰਖ਼ੀ ਸੋਚ ਬਣਦੀ ਹੈ
ਤੇ ਤਾਣਾ ਤਰੰਗ ਤਣਦੀ ਹੈ
ਮੌਲਦਾ ਪੱਤਾ ਪੱਤਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ



ਜਿਉਂ ਦਿਓਦਾਰ ਨੂੰ ਦਿੱਤੀ
ਕਿਸੇ ਪਰਬਤ ਨੇ ਆ ਗੁੜ੍ਹਤੀ
ਵਿਸਾਰੇ ਚੇਤਿਆਂ ਵਿੱਚੋਂ
ਕੋਈ ਘਾਟੀ ਨਹੀਂ ਭੁਲਦੀ
ਕਿ ਝਰਨਾ ਝਰਝਰਾਉਂਦਾ ਏ
ਪੁਰਾਣੀ ਬਾਤ ਪਾਉਂਦਾ ਏ
ਹੁੰਗਾਰਾ ਰੱਤਾ ਰੱਤਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ।

ਸਰਾਪੀ ਰੁੱਤ ਆਉਂਦੀ ਹੈ
ਸੰਤਾਪੀ ਧਰਤ ਜਾਂਦੀ ਹੈ
ਉਨੀਂਦੇ ਪੱਤਿਆਂ ਉੱਤੇ
ਪਏ ਤੇਜ਼ਾਬ ਦੇ ਛਿੱਟੇ
ਤਾਂ ਜੰਗਲ ਸ਼ੂਕ ਉੱਠਦੇ ਨੇ
ਤੇ ਪੱਥਰ ਬੋਲ ਪੈਂਦੇ ਨੇ
ਹੋ ਜਾਂਦਾ ਸਵਰ ਤੱਤਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ।

ਦੀਵਾਰਾਂ ਨੂੰ ਗਿਰਾ ਦੇਵੋ
ਲਕੀਰਾਂ ਨੂੰ ਮਿਟਾ ਦੇਵੋ
ਹੱਦ-ਬੰਨੇ ਜੋ ਦਰਸਾਵਣ
ਨਕਸ਼ੇ ਹੀ ਹਟਾ ਦੇਵੋ
ਕਿਸੇ ਚਾਨਣ ਨੇ ਲੰਘਣਾ ਹੈ
ਨੂਰਾਨੀ ਨੂਰ ਆਉਣਾ ਹੈ
ਜੋ ਖ਼ਾਬਾਂ ਦਾ ਰਚੇਤਾ ਹੈ

ਮੇਰਾ ਹਰ ਸ਼ਬਦ ਕਵਿਤਾ ਹੈ।
ਬ੍ਰਹਿਮੰਡ ਓਸਦਾ ਘਰ ਹੈ
ਤੇ ਅੰਬਰ ਇੱਕ ਚੁਬਾਰਾ ਹੈ
ਪਹਿਰੇਦਾਰੀਆਂ ਕਰਦਾ
ਸੂਰਜ ਚੰਨ ਸਿਤਾਰਾ ਹੈ
ਜੋ ਤਾਰਾ ਰਾਹ ਦਿਸੇਰਾ ਹੈ
ਸਾਰਾ ਅਕਾਸ਼ ਮੇਰਾ ਹੈ
ਬਸ ਕਿਣਕੇ ਦਾ ਨਾਤਾ ਹੈ
ਮੇਰਾ ਹਰ ਸ਼ਬਦ ਕਵਿਤਾ ਹੈ।

✵



## ਮਿਲਾਪ

ਵੱਖ ਦਿਸ਼ਾਵਾਂ ਤੋਂ ਆਣ
ਬੜੇ ਮਾਣ ਨਾਲ
ਉਹ
ਬੰਦਰਗਾਹ 'ਤੇ' ਆ ਮਿਲੇ।

ਕੁਝ ਦੇਰ
ਇੱਕਠੇ ਤੁਰਨ ਬਾਰੇ
ਸੋਚਦੇ ਰਹੇ
ਸੋਚਦੇ ਰਹੇ।

ਸੁਨਾਮੀ ਆਈ
ਉਹ
ਵੱਖ ਵੱਖ
ਕਿਨਾਰਿਆਂ 'ਤੇ
ਖੜੇ ਸਨ
ਸਿਰ ਝੁਕਾਈ
ਸੋਗਾਂ ਦੇ ਸਮੁੰਦਰ 'ਚ
ਡੁੱਬੇ ਹੋਏ!

✵

## ਉਸਤਤ

ਹੇ ਦੇਵੀ!

ਹੇ ਊਸ਼ਾ ਕਰ ਕਮਾਲ!
ਕੁਦਰਤ ਦੇ ਸਾਜ
ਤੇ ਸੰਗੀਤ ਨਾਲ
ਮਸਤ ਮਸਤ
ਕਾਮਿਆਂ ਦੇ
ਗੀਤ ਸੁਣ।
ਪੀਲੇ ਪੀਲੇ
ਚਿਹਰਿਆਂ ਨੂੰ
ਲਾਲਗੀ ਦੇ
ਥੱਕ ਹਾਰ
ਬੈਠ ਗਏ ਨੇ
ਜ਼ਿੰਦਗੀ ਦੇ।
ਲੋਹੇ ਦੇ ਔਜ਼ਾਰ ਚੁੱਕੀ
ਜਾ ਰਹੇ ਜੋ
ਕਿਰਨ ਕਿਰਨ
ਕਰ ਕਮਾਲ
ਲੋਹੇ ਨੂੰ
ਸੋਨੇ 'ਚ ਢਾਲ।
ਹੇ ਦੇਵੀ
ਹੇ ਊਸ਼ਾ !



## ਮਛਲੀ

ਇਕ ਸੀ ਮਛਲੀ
ਪਾਣੀ ਥੱਲੇ
ਸਾਗਰ ਵੱਲੋਂ
ਅੱਖ ਚੁੱਕੇ ਤੇ ਪੂਛ ਹਿਲਾਵੇ
ਫਿਰ ਘੁਲ ਜਾਵੇ
ਪਾਣੀਆਂ ਦੀਆਂ
ਲਹਿਰਾਂ ਵਿਚ ਜਾ ਕੇ।
ਉਹ ਮਛਲੀ ਸੀ
ਸੰਝ ਦਾ ਤਾਰਾ
ਪਿਆਰਾ ਪਿਆਰਾ
ਚੂੜੀਆਂ ਵਾਲੀ
ਖੋਹਲ ਪਟਾਰੀ
ਜੀਂਕਣ ਛੱਡ ਗਿਆ
ਵਣਜਾਰਾ।
ਫਿਰ ਉਹ ਮਛਲੀ
ਸਤ੍ਹਾ 'ਤੇ ਆ ਗਈ
ਆਪਣੇ ਤੋਂ
ਨਿੱਕਿਆਂ ਨੂੰ ਖਾ ਗਈ।
ਕੋਝੀ ਮਛਲੀ
ਸਭ ਨੂੰ ਚਰ ਗਈ
ਸਾਰੇ ਜਲ ਨੂੰ
ਗੰਦਾ ਕਰ ਗਈ!

✵

**ਵਿਸ਼ੇਸ਼ ਧੰਨਵਾਦ**

ਆਪਣੇ ਵੀਰ
ਸਵਾਮੀ ਰਾਜਿਵ ਕਮਲ ਸਿੰਘ
ਮਹਾ ਗਾਇਕ ਬੱਬੂ ਮਾਨ
ਤੇ
ਰਜਨੀ ਪਾਠਕ